9 P
1971
1047
9/91

... ਸ ਰਾਖਵੇ ਹਨ

੧ ਓ ਸਤਿਗੁਰਪ੍ਰਸਾਦਿ ॥

ਆਖੀਰੀ ਹਥਿਆਰ

# ਜੈਤੋ ਵਿਚ

# ਖੂਨ ਦੇ ਪਰਨਾਲੇ

ਨੌਕਰਸ਼ਾਹੀ ਦੇ ਢੋਲ ਦਾ ਪੋਲ

ਅਰਥਾਤ

## ਸਖਤੀ ਦਾ ਹੜ

ਗੁਰਦੁਵਾਰਾ ਗੰਗਸਰ ਵਿਚ
ਸਿੰਘਾਂ ਤੇ ਅਤੀਆਚਾਰ ਗੋਲੀ ਦਾ
ਚਲਾਨਾ ਤੇ ਜਿਉਂਦੇ ਜਲਾਏ ਜਾਨਾ
ਇਤਆਦਿਕ ਸ਼ਹੀਦੇ ਜਥੇ ਦੇ
ਪੂਰਨ ਹਾਲ ਹਨ

ਮਿਲਨ ਦਾ ਪਤਾ: ਗੁਰਚਰਨ ਬੁਕ ਏਜੰਸੀ
ਬਾਜ਼ਾਰ ਮਾਈ ਸੇਵਾਂ, ਅਮ੍ਰਿਤਸਰ

ਕਾਰੋਨੇਸ਼ਨ ਪ੍ਰਿੰਟਿੰਗ ਵਰਕ ਅਮ੍ਰਿਤਸਰ ਵਿਚ ਛਾਪੀ
ਰਤਨ ਸਿੰਘ (ਆਜ਼ਾਦ) ਮੈਨੇਜਰ ਤੇ ਪ੍ਰਿੰਟਰ ਦੇ
ਯਤਨ ਨਾਲ ਛਪਿਯਾ

ਕੀਮਤ ਅਠ ਆਨੇ

1971

NATIONAL ARCHIVES LIBRARY
No 1971
Date 1-2-72
GOVT. OF INDIA

# ਸੱਜਣੋ

ਸਦਾ ਯਾਦ ਰਖੋ ! ਜਦੋਂ ਕਦੀ ਆਪਨੂੰ ਅੰਮ੍ਰਿਤਸਰ ਦੀ ਕਿਸੇ ਸੁਗਾਤ ਕੰਘੇ, ਕੜੇ, ਕ੍ਰਿਪਾਨਾਂ, ਗ੍ਰੰਥ, ਕਿੱਸੇ, ਕਹਾਣੀਆਂ, ਗੁਰਬਾਣੀ ਦੇ ਗੁਟਕੇ, ਵਾਜੇ ਜੋੜੀਆਂ, ਤੇਲ, ਅਤ੍ਰ ਸੁਰਮਾ ਵੜੀਆਂ ਪਾਪੜ ਆਦਿ ਦੀ ਲੋੜ ਹੋਵੇ ਤਾਂ ਸਾਥੋਂ ਮੰਗਾਵੋ ਅਸੀ ਮਾਲ ਰਿਆਇਤ ਨਾਲ ਤੇ ਸਾਫ ਸੁਥਰਾ ਭੇਜਦੇ ਹਾਂ ।

ਹਰ ਇਕ ਚੀਜ਼ ਮੰਗੌਣ ਦਾ ਪ੍ਰਸਿਧ ਪਤਾ:—

## ਗੁਰਚਰਨ ਬੁਕ ਏਜੰਸੀ

**ਬਾਂਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਜੀ**

ਸਭ ਹਕ ਰਾਖਵੇ ਹਨ

੧ ਓ ਸਤਿਗੁਰਪ੍ਰਸਾਦਿ ॥

ਤੇਰੇ ਜਬਰ ਤੇ ਜ਼ੁਲਮ ਦੀ ਹਦ ਹੋ ਗਈ
ਜੈਤੋ ਵਿਚ ਕੀ ਕਹਿਰ ਮਚਾ ਛਡੇ

## ਜੈਤੋ ਵਿਚ

# ਸਖਤੀ ਦਾ ਹੜ

ਅਰਥਾਤ

## ਨੌਕਰਸ਼ਾਹੀ ਦੇ ਢੋਲ ਦਾ ਪੋਲ

ਕਰਤਾ ਤੇ ਪ੍ਰਕਾਸ਼ਕ

**ਭਾਈ ਭਾਗ ਸਿੰਘ 'ਨਧੜਕ'**

ਨਿਵਾਸੀ ਮੱਤਾ

ਮਿਲਨ ਦਾ ਪਤਾ:-

**ਗੁਰਚਰਨ ਬੁਕ ਏਜੰਸੀ**

ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

---

ਕੀਰਤਨ ਪ੍ਰਿੰਟਿੰਗ ਪ੍ਰੈਸ ਅੰਮ੍ਰਿਤਸਰ ਵਿਚ
ਭਾਈ ਰਤਨ ਸਿੰਘ ਅਜ਼ਾਦ ਮੈਨੇਜਰ ਤੇ ਪ੍ਰਿੰਟਰ ਦੇ
ਪ੍ਰਬੰਧ ਨਾਲ ਛਪਿਆ ॥

ਪਹਿਲੀ ਵਾਰ ੨੦੦੦ ਕੀਮਤ ॥)

ੴ ਸਤਿਗੁਰਪ੍ਰਸਾਦਿ ॥

ਪਹਿਲੇ ਨਮੋਂ ਹੈ ਮੇਰੀ ਪ੍ਰਮਾਤਮਾਂ ਨੂੰ ਜੀ ਨੇ ਸਾਜਿਆ ਆਏ ਜਹਾਨ ਲੋਕੋ। ਕੁਲ ਜੀਵਾਂ ਨੂੰ ਰੋਜ਼ੀ ਪਚਾਨ ਵਾਲਾ ਸਚਾ ਗੁਰੂ ਮੇਰਾ ਮੇਹਰਵਾਨ ਲੋਕੋ। ਸਭੇ ਓਸਦੇ ਆਸਰੇ ਜੀਂਵਦੀਏ ਜੀ ਨੇ ਰਚ ਲਿਆ ਧਰਤ ਅਸਮਾਨ ਲੋਕੋ। ਘਟਾਂ ਘਟਾਂ ਦੇ ਵਿਚ ਬਰਾਜਦਾਏ ਏਕ ਰੂਪ ਹੀ ਲਓ ਪਛਾਨ ਲੋਕੋ। ਜੱਗ ਏਕ ਅਟੱਲ ਪ੍ਰਮਾਤਮਾ ਹੈ ਦੁਨੀਆਂ ਸਮਝੀਏ ਸੁਫਨ ਸਮਾਨ ਲੋਕੋ। ਭਾਗ ਸਿੰਘ ਕਰ ਨਮੋ ਪ੍ਰਮਾਤਮਾ ਨੂੰ ਕਵਤਾ ਰਚਣ ਦਾ ਕਰੇ ਸਮਿਆਨ ਲੋਕੋ ॥

ਭਾਦੋਨੌਂ ਤੇ ਪੱਛੀ ਅਗਸਤ ਯਾਰੋ ਸ਼ਨੀਵਾਰ ਲੋ ਦਿਨ ਪਛਾਣ ਭਾਈ। ਰਿਆਸਤ ਨਾਭੇ ਦੇ ਵਿਚ ਪਛਾਣ ਮੰਡੀ ਜੈਤੋ ਲੱਗਿਆ ਭਾਰੀ ਦੀਵਾਨ ਭਾਈ। ਓਥੇ ਗੁਣੀ ਗਿਆਨੀ ਸੀ ਬਹੁਤ ਆਏ ਕੀਤਾ ਆਣਕੇ ਜਿੱਨ੍ਹਾਂ ਵਖਿਆਨ ਭਾਈ ਸੱਚੇ ਗੁਰੂ ਦੀ ਬਾਣੀ ਪ੍ਰੇਮ ਭਰੀ ਪਾਠਕ

ਆਇਕੇ ਬਹੁਤ ਸੁਣਾਨ ਭਾਈ। ਨੌ ਦਸ ਦਾ ਦਿਨ ਬਤੀਤ ਹੋਇਆ ਯਾਰਾਂ ਭਾਦਰੋਂ ਦੀ ਹੋਗੀ ਸ਼ਾਮ ਭਾਈ। ਦਸ ਮਿੰਟ ਸੀ ਰਹਿੰਦੇ ਸਮਾਪਤੀ ਚ ਕੀੜਾ ਜਾਬਰਾ ਆਏ ਵਧਾਨ ਭਾਈ॥

## ਇੰਦਰ ਸਿੰਘ

ਇੰਦਰ ਸਿੰਘ ਸੀ ਖੜਾ ਸਟੇਜ ਉਤੇ ਗੁਰਬਾਣੀ ਦੇ ਬੈਨ ਸੁਣਾਂਵਦਾ ਸੀ। ਹਾਲ ਬੀਤਿਆਂ ਗੁਰੂ ਕੇ ਬਾਗ ਵਾਲਾ ਸਾਰਾ ਖੋਲਕੇ ਭੇਤ ਬਤਾਂਵਦਾ ਸੀ। ਦਿਲ ਰੜਕਦਾ ਪਿਆ ਸੀ ਜਾਬਰਾਂ ਦੇ ਜਦੋਂ ਮੁਖ ਸੇ ਬੈਨ ਅਲਾਂਵਦਾ ਸੀ। ਕਰਦਾ ਖੜਾ ਪ੍ਰਚਾਰ ਸਟੇਜ਼ ਉਤੇ ਨੌਕਰਸ਼ਾਹੀ ਨੂੰ ਮੂਲ ਨਾ ਭਾਂਵਦਾ ਸੀ। ਪਾਪੀ ਵੀਰ ਨੂੰ ਵੇਖਨ ਹੰਗਦੇ ਸੀ ਅਖੀ ਸਾਮਣੇ ਜਹਿਰ ਦਸ ਆਂਵਦਾ ਸੀ। ਖੜਾ ਕਰੇ ਪ੍ਰਚਾਰ ਨਧੜਕ ਹੋਕੇ ਖੌਫ ਜਾਬਰਾਂ ਤੋਂ ਨਹੀਂ ਖਾਂਵਦਾ ਸੀ। ਲੈਕੇ ਉਸ ਅਕਾਲ ਦੀ ਓਟ ਯਾਰੋ ਮੁਖੋ ਰਾਮ ਹੀ ਰਾਮ ਅਲਾਂਵਦਾ ਸੀ। ਹਾਲ ਦਸਦੇ ਖੋਲਕੇ

ਭਾਗ ਸਿੰਘਾ ਖੜਾ ਕਿਵੇਂ ਗਿਰਫਤਾ ਹੋ ਜਾਂਵਦਾ ਸੀ ॥

## ਥਾਨੇਦਾਰ

ਯਾਰਾਂ ਭਾਦਰੋਂ ਨੌ ਬਜੇ ਰਾਤ ਦੇ ਸੀ ਆਕੇ ਬੋਲਦਾਏ ਥਾਨੇਦਾਰ ਯਾਰੋ । ਇੰਦਰ ਸਿੰਘ ਸਂ ਖੜਾ ਸਟੇਜ ਉਤੇ ਓਹਨੂ ਆਨ ਕੀਤਾ ਗਿਰਫਤਾਰ ਯਾਰੋ । ਨਫਾ ਆਪਣਾ ਮੂਰਖਾਂ ਸੋਚਿਆ ਨਾ ਲਿਆ ਪੈਰ ਕੁਹਾੜਾ ਮਾਰ ਯਾਰੋ । ਐਪਰ ਖਬਰ ਨੀ ਪਾਪੀ ਨੂੰ ਭਾਗ ਸਿੰਘਾ ਰਾਖਾ ਸਿੰਘਾਂ ਇਕ ਕਰਤਾਰ ਯਾਰੋ ॥

ਫੜਕੇ ਵੀਰ ਨੂੰ ਸੀ ਥਾਨੇਦਾਰ ਯਾਰੋ ਅਗੇ ਆਪਣ ਤੁਰਤ ਲਗਾਂਵਦਾਏ । ਅਤੇ ਪਿਛੇ ਰਸਾਲਾ ਈ ਵੀਰ ਦੇ ਜੀ ਵਿਚ ਖੜਾ ਜੈਕਾਰੇ ਬੁਲਾਂਵਦਾਏ । ਹੋਇਆ ਨ ਭੈ ਦਾ ਤੇਰਾ ਚਲਾਣ ਭਾਈ ਸੁਪ੍ਰਿੰਡੈਂਟ ਮੂਖੋਂ ਫੁਰਮਾਂਵਦਾਏ । ਤੁਰਨ ਲਗਿਆ ਪੰਥ ਨੂੰ ਵਾਲਸਾਂ ਜੀ ਹਥ ਜੋੜਕੇ ਫਤੇ ਬੁਲਾਂਵਦਾਏ । ਹੋਇਆ ਸਟੇਸ਼ਨ ਦੇ ਵੱਲ ਰਵਾਨ ਯਾਰੋ ਸਤਿਨਾਮ ਹੀ ਨਾਮ ਅਲਾਂਵਦਾਏ ।

ਜਦੋਂ ਪਹੁੰਚਿਆ ਟਸ਼ਨ ਦੇ ਵਿਚ ਜਾਕੇ ਜੈਕਾਰੇ ਨੂੰ ਜਾਏ ਬੁਲਾਂਵਦਾਏ। ਹਿਰਦੇ ਰਖਿਆ ਰਬ ਦਾ ਨਾਮ ਓਹਨੇ ਤੇ ਅਕਾਲ ਅਕਾਲ ਗਜਾਂਵਦਾਏ। ਖੜਕੇ ਪਰੇਟ ਜੋ ਫਾਰਮ ਤੇ ਭਾਗਸਿੰਘ ਜਰਾ ਜਾਬਰਾਂ ਤਾਈਂ ਸੁਣਾਂਵਦਾਏ॥

ਇੰਦਰ ਸਿੰਘ

ਸੁਪ੍ਰਿੰਟ ਨੂੰ ਆਖਦਾ ਇੰਦਰ ਸਿੰਘ ਸ਼ੇਰ ਗੱਜਿਆ ਜਿਵੇਂ ਮਦਾਨ ਅੰਦਰ। ਚੱਕ ਬਿਸਤ੍ਰਾ ਸਾਗਰੋਂ ਪਾਰ ਹੋਜੋ ਬੋੜਾ ਦਖਲ ਕੀ ਹੈ ਹਿੰਦੁ-ਸਤਾਨ ਅੰਦਰ। ਕਾਨੂੰ ਰਫਲ ਮਸ਼ੀਨਾਂ ਦਾ ਮਾਣ ਕਰਦੇ ਐਨਾ ਅ ਓ ਨਾ ਤੁਸੀ ਗੁਮਾਨ ਅੰਦਰ। ਜਰਾ ਵੇਖੋ ਨਮਾਜ ਨੂੰ ਪੜਨ ਵਾਲੇ ਦੀਨ ਦਸਿਆ ਕੀ ਕੁਰਾਨ ਅੰਦਰ। ਧਰਮ ਦੀਨ ਅਮਾਨ ਜੋ ਕੋਲ ਰਹਿਜੇ ਦਸੋ ਦੁਖ ਕੀ ਗੋਲੀਆਂ ਖਾਨ ਅੰਦਰ। ਭਰਿਆ ਢਿੱਡ ਤੇ ਪਏ ਦੜੱਕ ਲੰਮੇ ਉਤਲਾ ਸਾਈ ਨਾ ਰਿਹਾ ਧਿਆਨ ਅੰਦਰ। ਲੇਖਾ ਮੰਗਿਆ ਧਰਮ ਨੇ ਜਿਸ ਵੇਲੇ ਜੀਹਭਾ ਥਿੜਕਦੀ ਵਿਚ ਬਿਆਨ

ਅੰਦਰ। ਮੱਤਾਂ ਦੇਂਵਦਾ ਖੜਾ ਸੀ ਪਾਪੀਆਂ ਨੂੰ ਤਾਰ ਵਜਦੀ ਸੀ ਰਾਮ ਨਾਮ ਅੰਦਰ। ਭਾਗ ਸਿੰਘ ਜੈਕਾਰਾ ਬੁਲਾਏ ਦਿਤਾ ਥੋੜਾ ਟੇਮ ਸੀ ਰਿਹਾ ਚਲਾਨ ਅੰਦਰ॥

## ਇੰਦਰ ਸਿੰਘ ਦਾ ਚਲਾਨ

ਗੱਡੀ ਆ ਗਈ ਹੱਸਕੇ ਵੀਰ ਚੜ੍ਹਿਆ ਕੈਂਹਦਾ ਜਾਬਰਾਂ ਤੋਂ ਖੌਫ ਖਾਵਣਾ ਨਹੀਂ। ਗੁਰੂ ਵਿਛੜੇ ਆਨ ਮਲਾਵਸੇਗਾ ਤੁਸੀਂ ਵੀਰਨੋ ਚਿਤ ਡੁਲਾਵਣਾ ਨਹੀਂ। ਕਰੋ ਖਿਆਲ ਸ਼ਹੀਦੀ ਦੀ ਲੋੜ ਵਾਲੇ ਮੁੜ ਵਕਤ ਸ਼ਹੀਦੀ ਦਾ ਆਵਣਾ ਨਹੀਂ। ਹੋਇਆ ਕੀ ਜੇ ਪਕੜਿਆ ਦਾਸ ਤਾਂਈਂ ਦਲ ਵੀਰਾਂ ਦਾ ਝੱਲਿਆ ਜਾਵਣਾ ਨਹੀਂ। ਜਦੋਂ ਉਤਰੇ ਗੁਰੂ ਦੇ ਲਾਲ ਆਕੇ ਕਿਤੇ ਪਾਪੀ ਗੁਰਦਿਆਲੂ ਦਸ ਆਵਣਾ ਨਹੀਂ। ਯਾਦ ਰੱਖਣਾ ਹਿੰਦੁਸਤਾਨ ਅੰਦਰ ਆਕੇ ਗੋਰਿਆਂ ਮੁਖ ਵਖਾਵਣਾ ਨਹੀਂ। ਲੱਖ ਲੱਖ ਜੇ ਸਖਤੀਆਂ ਦੇਣ ਜਾਬਰ ਤੁਸੀ ਵੀਰਨੋ ਜੀ ਚੁਰਾਵਣਾ ਨਹੀਂ। ਗੱਡੀ ਤੁਰ ਗਈ ਸਟੇਸ਼ਨੋਂ

ਭਾਗ ਸਿੰਘਾਂ ਮਿਲਿਆ ਹੋਰ ਕੋਈ ਹਾਲ ਸੁਣਾਵਣਾ ਨਹੀਂ ॥

ਤਾਕੀ ਵਿਚ ਦੀ ਕੱਡਕੇ ਹੱਥ ਦੋਵੇਂ ਵੀਰ ਵੀਹਾਂ ਨੂੰ ਫਤੇ ਬੁਲਾਂਵਦਾਏ। ਇੰਜਨ ਵਾਲਿਆਂ ਸਮਝ ਡਰਾਈਵਰਾਂ ਨੂੰ ਝੰਡੀ ਹਰੀ ਜੀ ਗਾਡ ਵਖਾਂਵਦਾਏ। ਕੋਲੇ ਪਾਇਕੇ ਚਾੜ੍ਹਕੇ ਤਾਂ ਬਹੁਤਾ ਗੱਡੀ ਜੋਰ ਸੇ ਜੋਰ ਚਲਾਂਵਦਾਏ। ਇੰਜਨ ਕਰਕੇ ਪੌਣ ਦੇ ਰੂਪ ਯਾਰੋ ਛੇਤੀ ਨਾਭੇ ਦੇ ਸਟੇਸ਼ਨ ਪੁਚਾਂਵਦਾਏ। ਉਤਰ ਗਡੋਂ ਓਂ ਸੋਹਣਾ ਜਿਹਾ ਵੀਰ ਸਾਡਾ ਨਾਭੇ ਸ਼ੈਹਰ ਦੇ ਵਿਚ ਦੀ ਆਂਵਦਾਏ। ਸ੍ਰੀ ਸਾਹਿਬ ਉਤਾਰਕੇ ਭਾਗ ਸਿੰਘਾ ਜਾਬਰ ਜੇਹਲ ਦੇ ਵਿਚ ਪੁਚਾਂਵਦਾਏ ॥

ਇੰਦਰ ਸਿੰਘ ਪੁਚਾ ਦਿਤਾ ਜੇਹਲ ਅੰਦਰ ਹੁਣ ਪਿਛਲਾ ਸੁਣੋਂ ਖਾਂ ਹਾਲ ਯਾਰੋ। ਖਬਰਾਂ ਪੁਜੀਆਂ ਤੇ ਸਤਿਨਾਮ ਜਪਦੇ ਜੈਤੋ ਆਂਵਦੇ ਗੁਰੂ ਦੇ ਨਾਲ ਯਾਰੋ। ਲਿਆ ਫੇਰ ਸਜਾਏ ਦੀਵਾਨ ਓਥੇ ਕੀਤਾ ਗੁਰਾਂ ਦੇ ਚਰਨੀ ਖਿਆਲ ਯਾਰੋ। ਫੱਟੇ ਦਿਲਾਂ ਤੇ ਲੂਣ ਛੜਕਾਂਵਦਾਏ

ਆਕੇ ਫੇਰ ਗੁਰਦਿਆਲੂ ਚੰਡਾਲ ਯਾਰੋ।

ਓਸੇ ਤਰਾਂ ਫੇਰ ਸਜਿਆ ਦੀਵਾਨ ਹੈਸੀ ਮੇਹਰਵਾਨ ਹੋਇਆ ਕਲਗੀਧਾਰ ਆਕੇ। ਆਪੋ ਆਪਣੀ ਬੁਧੀ ਅਨੁਸਾਰ ਭਾਈ ਵੀਰ ਲਗੇ ਨੇ ਕਰਨ ਪ੍ਰਚਾਰ ਆਕੇ। ਪਾਪੀ ਸਿੰਘਾਂ ਨੂੰ ਵੇਖਨਾ ਹੰਗਦਾ ਸੀ ਕੀਤਾ ਬੜਾ ਗੁਰਦਿਆਲੂ ਹੰਕਾਰ ਆਕੇ। ਜਰਾ ਕਰਨਾ ਖਿਆਲ ਹੁਣ ਖਾਲਸਾ ਜੀ ਲੱਤਾਂ ਕਿਵੇਂ ਅੜੌਂਦੀ ਸਰਕਾਰ ਆਕੇ। ਕੇਹਰ ਸਿੰਘ ਕਮੇਟੀ ਦਾ ਸੀ ਮੈਂਬਰ ਕੀਤਾ ਓਸ ਥਾਂਈਂ ਗਿਰਫਤਾਰ ਆਕੇ। ਮੁਕਤਸਰ ਦੇ ਦੀਵਾਨ ਦਾ ਸੈਕਟਰੀ ਸੀ ਦਲਜੀਤ ਸਿੰਘ ਫੜਿਆ ਸਰਦਾਰ ਆਕੇ। ਆਕੇ ਸ਼ੇਰ ਗੁਰਦਿਆਲੂ ਮਚਾ ਦਿਤਾ ਜੀਉਣ ਸਿੰਘ ਫੜਿਆ ਜਥੇਦਾਰ ਆਕੇ। ਭਾਗ ਸਿੰਘ ਗੁਰਦਿਆਲੂ ਦੀ ਮੱਤ ਮਾਰੀ ਹੁੰਦਾ ਆਪਣੇ ਆਪ ਖੁਵਾਰ ਆਕੇ॥

ਤਥਾ

ਪਹਿਲੇ ਫੜਕੇ ਵੀਰਾਂ ਪ੍ਰਚਾਰਕਾਂ ਨੂੰ ਘੇਰਾ

ਫੇਰ ਦੀਵਾਨ ਨੂੰ ਪਾਂਵਦੇ ਨੇ । ਜਾਬਰ
ਆਨਕੇ ਸਜੇ ਦੀਵਾਨ ਦੇ ਜੀ ਗਿਰਦਾ ਗਿਰਦ
ਹੀ ਪੁਲਸ ਘੁਕਾਂਵਦੇ ਨੇ। ਕਠੇ ਕਰਕੇ ਸਾਰੇ
ਅਕਾਲੀਆਂ ਨੂੰ ਅਧੇ ਕਿਲੇ ਦੇ ਵਿਚ ਪੁਚਾਂਵਦੇ
ਨੇ। ਕੁਝ ਕਿਲੇ ਦੇ ਵਿੱਚ ਸੀ ਬੰਦ ਕੀਤੇ ਕੁਝ
ਚੌਂਕੀ ਲੈਜਾਏ ਬਹਾਂਵਦੇ ਨੇ । ਸੁਪ੍ਰੰਡੰਟ ਨੇ
ਡਾਂਗਾਂ ਖਰੀਦ ਲਈ ਆ ਦਾਹਿਆਂ ਪੈਣ ਦਾ ਜਾਲ
ਵਛਾਂਵਦੇ ਨੇ । ਸੁਪ੍ਰੰਡੰਟ ਗੁਰਦਿਆਲੂ ਤੇ
ਨਾਜ਼ਮ ਜ਼ੋਰਾ ਫੌਜੀ ਸਿੰਘਾਂ ਦੇ ਤਾਂਈਂ ਸੁਣਾਂਵਦੇ
ਨੇ। ਥਤੇ ਭਰਕੇ ਤੇ ਸੋਟੇ ਲਾਠੀਆਂ ਦੇ ਫੌਜੀ
ਸਿੰਘਾਂ ਦੇ ਤਾਂਈਂ ਫੜਾਂਵਦੇ ਨੇ। ਵੇਖੋ ਜਾਬਰਾਂ
ਚਲ ਅਯੋਗ ਖੇਡੀ ਨਾਲ ਸਿੰਘਾਂ ਦੇ ਸਿੰਘ
ਲੜਾਂਵਦੇ ਨੇ । ਐਪਰ ਫੌਜੀਆਂ ਵਿਚ ਨਾ ਦੋਸ਼
ਕੋਈ ਬੱਧੇ ਹੁਕਮ ਦੇ ਵਕਤ ਲੰਗਾਂਵਦੇ ਨੇ।
ਫੜਕੇ ਕਿਲੇ ਲੈਜਾਣ ਅਕਾਲੀਆਂ ਨੂੰ ਸਿੰਘ
ਵਾਹਿਗੁਰੂ ਨਾਮ ਧਿਆਂਵਦੇ ਨੇ । ਬਾਂਹੀਂ ਫੜ
ਭਰਾਵਾਂ ਨੂੰ ਤੁਰੇ ਜਾਂਦੇ, ਨਾਲੇ ਅੱਖੀਓਂ ਨੀਰ
ਬਹਾਂਵਦੇ ਨੇ। ਭਾਗ ਸਿੰਘਾ ਨਾਂ ਜਾਂਵਦੀ ਪੇਸ਼

ਕੋਈ, ਅਗੇ ਗੁਰੂ ਦੇ ਵਾਸਤਾ ਪਾਂਵਦੇ ਨੇ ॥

ਮੰਡੀ ਨਿਵਾਸੀਆਂ ਤੇ ਕੁਟਾਈ

ਦਬਾ ਦਬ ਹੀ ਪੁਲਸ ਦੀ ਖਾਲਸਾ ਜੀ,
ਛਤੀ ਮੰਡੀ ਦੇ ਵੱਲ ਝੜਾਈ ਹੋਈ।
ਫਾੜ ਫਾੜ ਹੀ ਕੋਰੜੇ ਪੈਣ ਯਾਰੋ,
ਮੰਡੀ ਵਾਸੀਆਂ ਉਤੇ ਕਰੜਾਈ ਹੋਈ।
ਸਚ ਸ਼ਾਂਤੀ ਝੂਠ ਹੰਕਾਰ ਫੜਿਆ,
ਸੱਚ ਝੂਠ ਦੀ ਓਥੇ ਲੜਾਈ ਹੋਈ।
ਵਾਂਗ ਬੱਕਰ ਕੋਹੰਦੇ ਮਹਾਜਨਾਂ ਨੂੰ,
ਛੁਰੀ ਜਬਰ ਦੀ ਹਥ ਫੜਾਈ ਹੋਈ।

ਮੰਡੀ ਨਵਾਸੀ ਮਹਾਜਨਾਂ ਨੂੰ ਕੁਟਣ ਦਾ ਮਤਲਬ ਏਹੋਸੀਕੇ ਓਹਨਾਂਨੂੰ ਕਿਹਾ ਜਾਂਦਾਸੀ ਤੁਸੀ ਕੋਈ ਅਕਾਲੀਆਂ ਨੂੰ ਰਸਤ ਵਗੈਰਾ ਕਿਉਂ ਦੇਂਦੇ ਹੋ ਏਸ ਵਾਸਤੇ ਕਈਆਂ ਮਹਾਜਨਾਂ ਦੇ ਸਖਤ ਸਟਾਂ ਲਗੀਆਂ

ਅਯੋਗ ਚਾਲ

ਵੇਖੋ ਜਾਬਰਾ ਚਾਲ ਅਯੋਗ ਖੇਡੀ,
ਹੁਕਮ ਫੌਜੀਆਂ ਤਾਂਈਂ ਸੁਣਾ ਦਿਤੇ।
ਪਟਣੀ ਫੇਰ ਜੋ ਨਗਰਾਂ ਦੇ ਰਸਤਿਆਂ ਤੇ,

ਦਬਾ ਦਬ ਹੀ ਪਹਿਰੇ ਲਗਾ ਦਿਤੇ।
ਗਡੇ ਰਸਤ ਦੇ ਔਣ ਸਹਾਇਤਾ ਲਈ,
ਤੁਰਤ ਜਾਬਰਾਂ ਬੰਦ ਕਰਵਾ ਦਿਤੇ।
ਧਰਮੀ ਸਿੰਘ ਗੁਰਬਾਣੀਆਂ ਗੌਂਦਿਆਂ ਨੂੰ,
ਆਕੇ ਭੁਖ ਦੇ ਦੁਖ ਵਖਾ ਦਿਤੇ।
ਦਿਲ ਪਛਿਆ ਦੁਖਾਂ ਦੇ ਨਾਲ ਅਗੇ,
ਦੂਜੇ ਜਾਬਰਾ ਨਿਮਕ ਛੜਕਾ ਦਿਤੇ।
ਭਾਗ ਸਿੰਘ ਅਕਾਲੀਆਂ ਭੁਖਿਆਂ ਨੇ,
ਸਤਿਨਾਮ ਦੇ ਬੰਬ ਚਲਾ ਦਿਤੇ।

ਫਰੀਦ ਕੋਟ ਦੇ ਅਲਾਕੇ ਦੇ ਸਿੰਘਾਂ ਨੂੰ
ਅਤੇ ਸਰਦਾਰ ਕੇਹਰ ਸਿੰਘ ਨੂੰ ਫਰੀਦ ਕੋਟ ਪਚੌਣਾ

ਚਾਰ ਵਜੇਦੀ ਗੱਡੀ ਦਾ ਵਕਤ ਹੋਇਆ,
ਚਾਲ ਖੇਡ ਦੇ ਜਾਬਰ ਵਿਚਾਰ ਕਰਕੇ।
ਕੇਹਰ ਸਿੰਘ ਤੇ ਸਿੰਘ ਦਲਜੀਤ ਤਾਂਈ,
ਲੈਕੇ ਸਟੇਸ਼ਨ ਦੇ ਵੱਲ ਤਿਆਰ ਕਰਕੇ।
ਕੇਹਰ ਸਿੰਘ ਜੈਕਾਰਾ ਗਜਾਂਵਦਾਏ,
ਸਾਰੇ ਗੁਰਾਂ ਵੱਲੀਂ ਸੁਰਤੀ ਧਾਰ ਕਰਕੇ।
ਲਾਲ ਗੁਰੂ ਦਾ ਗੱਜਦਾ ਕੇਹਰ ਵਾਂਗੂੰ,

ਅੰਤਾਜ਼ ਕਰਣ ਮੇਂ ਸ਼ਾਂਤੀ ਧਾਰ ਕਰਕੇ।
ਕੇਹੜੀ ਗੱਲ ਦਾ ਜਾਬਰੋ ਮਾਣ ਕਰਦੇ,
ਮੈਨੂੰ ਦਸੋ ਖਾਂ ਤੁਸੀ ਨੁਖਾਰ ਕਰਕੇ।
ਸਾਡੇ ਵੀਰਾਂ ਨੂੰ ਬੰਦ ਜੋ ਕਰਣ ਵਾਲਾ,
ਕਿਲਾ ਰਖਿਆ ਕੇਹੜਾ ਤਿਆਰ ਕਰਕੇ
ਸਾਨੂੰ ਹੁਕਮ ਹੈ ਪਿਛੋਂ ਅਰਾਮ ਕਰਨਾ,
ਪੈਹਲੇ ਨਾਭੇ ਨੂੰ ਤਖਤ ਬਠਾਰ ਕਰਕੇ।
ਖੜਾ ਵਿਚ ਮਦਾਨ ਦੇ ਆਖਦਾ ਮੈਂ,
ਥਨੂੰ ਛਡਾਂਗੇ ਸਾਗਰੋਂ ਪਾਰ ਕਰਕੇ।
ਸਤਰ ਸਾਲ ਦੇ ਯਾਰ ਕਹੌਣ ਵਾਲੇ,
ਡਾਂਗਾਂ ਮਾਰਦੇ ਨੇ ਸਾਨੂੰ ਯਾਰ ਕਰਕੇ।
ਮਿਲਿਆ ਫਲ ਸਾਨੂੰ ਅਜੇ ਦੋਸਤੀ ਦਾ,
ਥੋੜੇ ਜਾਬਰਾਂ ਨਾਲ ਪਿਆਰ ਕਰਕੇ।
ਭਾਗ ਸਿੰਘ ਮਹੱਬਤਾਂ ਵਾਲਿਆਂ ਨੂੰ,
ਦੇਣੀ ਦਸ ਫਕਾਰ ਫਕਾਰ ਕਰਕੇ।

ਮਹੱਬਤਾ ਵਾਲਿਆਂ ਨੂੰ ਢੰਡੋਰਾ

ਦੁਨੀਆਂ ਵਿਚ ਢੰਡੋਰੜਾ ਸੁਣੋ ਮੇਰਾ,
ਕਿਸੇ ਨਾਲ ਮਹੱਬਤਾਂ ਪਾਇਓਨਾ।

ਲਗੀ ਦੋਸਤੀ ਤੋਂ ਮਿਲਦਾ ਦੁਖ ਬਹੁਤਾ,
ਹੈ ਸਜਣੋ ਪਿਆਰ ਵਧਾਇਓ ਨਾ।
ਜੇਹੜੇ ਨੇਹੁ ਦੀ ਸਾਰ ਨਾ ਜਾਣਦੇ ਨੇ,
ਨਾਲ ਜਾਬਰਾਂ ਅੰਗ ਲਗਾਇਓ ਨਾ।
ਧੋਖੇ ਨਾਲ ਫਰੇਬਤਾ ਕਰਨ ਜੇਹੜੇ,
ਨਾਹੀਂ ਬੋਲਿਓ ਅਤੇ ਬੁਲਾਇਓ ਨਾ।
ਸਤਰ ਸਾਲ ਦੇ ਸਜਣਾ ਦੋਸਤਾਂ ਤੋਂ,
ਡਾਂਗਾਂ ਗੁਰੂ ਕੇ ਬਾਗ ਮੇਂ ਖਾਇਓ ਨਾ।
ਏਨ੍ਹਾਂ ਪਿਆਰਿਆਂ ਤਾਈਂ ਛਡੋਣ ਖਾਤਰ,
ਵੀਰੋ ਜਰਮਨ ਤੋਂ ਗੋਲੀਆਂ ਖਾਇਓ ਨਾ।
ਪੁਤਾਂ ਵਾਲਿਓ ਮਾਰਕੇ ਨਿਗਾ ਦੇਖੋ,
ਹੱਥੀ ਆਪਣੇ ਲਾਲ ਕਹਾਇਓ ਨਾ।
ਪਿਆਰ ਪਾਉ ਤਾਂ ਨਾਲ ਪ੍ਰਮਾਤਮਾਂ ਦੇ,
ਹੋਰ ਕੂੜ ਮਹੱਬਤਾਂ ਪਾਇਓ ਨਾ।
ਲੜਨਾ ਚਾਹੋ ਤਾਂ ਸ਼ਾਂਤੀ ਜੰਗ ਲੱਗਾ,
ਵਿਚ ਆਇਕੇ ਪੈਰ ਹਟਾਇਓ ਨਾ।
ਆਇਆ ਵਕਤ ਸ਼ਹੀਦੀ ਦਾ ਭਾਗ ਸਿੰਘ,
ਅਤੇ ਆਪਣ ਹੱਥੋਂ ਗੁਵਾਇਓ ਨਾ।

### ਵਾਕ ਕਵੀਸ਼ਰ

ਰੇਲ ਆਈ ਨੂੰ ਵੇਖਕੇ ਗੱਜਦੇ ਨੇ,
ਸਾਡੇ ਸੂਰਮੇ ਸਿੰਘ ਦਲੇਰ ਭਾਈ।
ਝਟ ਪਟ ਸੀ ਹੋਏ ਅਸਵਾਰ ਗੱਡੀ,
ਲਾਈ ਵੀਰਾਂ ਨੇ ਮੂਲ ਨਾ ਡੇਰ ਭਾਈ।
ਗੱਡੀ ਵਿਚ ਜੈਕਾਰਾ ਬੁਲਾਂਵਦਾਏ,
ਸਾਡਾ ਵੀਰ ਸੋਹਣਾ ਸਿੰਘ ਕੇਹਰ ਭਾਈ
ਤੁਰੀ ਗੱਡੀ ਤੇ ਪਹੁੰਚੀ ਫਰੀਦ ਕੋਟ,
ਸਿੰਘ ਉਤਰੇ ਨੇ ਕੇਹਰ ਸ਼ੇਰ ਭਾਈ।
ਸ਼ਬਦ ਪੜ੍ਹੇ ਸੀ ਧਰਮੀ ਪਰਵਾਨਿਆਂ ਨੇ,
ਫਰੀਦ ਕੋਟ ਦੀ ਸੰਭਦੀ ਹੋਰ ਭਾਈ।
ਛੱਡ ਸਿੰਘਾਂ ਨੂੰ ਜੇਹਲ ਮੇਂ ਭਾਗ ਸਿੰਘਾ,
ਵਾਪਸ ਆਂਵਦੇ ਨੇ ਜੈਤੋ ਫੇਰ ਭਾਈ।

### ਤਥਾ

ਐਸੇ ਤਰਾਂ ਹੀ ਅਗਲੇ ਰੋਜ ਜੱਥਾ,
ਰੋਦਾਂ ਸਿੰਘਾਂ ਦਾ ਫੜ ਲਿਆਂਵਦੇ ਨੇ।
ਚਾਰ ਵਜੇ ਦੀ ਗੱਡੀ ਚ ਬੰਦ ਕਰਕੇ,
ਕੇਹਰ ਸਿੰਘ ਦੇ ਕੋਲ ਪੁਚਾਂਵਦੇ ਨੇ।

ਸਿੰਘ ਸੂਰਮੇ ਵੀਰ ਨਧੜਕ ਸਾਡੇ,
ਜਾਂਦੇ ਖੂਬ ਜੈਕਾਰੇ ਗਜਾਂਵਦੇ ਨੇ।
ਜੇਹਲਾਂ ਜੇਹੜੀਆਂ ਤੋਂ ਸੀ ਲੋਕ ਡਰਦੇ,
ਸਾਡੇ ਵੀਰ ਅਜ ਖੇਹਲਾਂ ਬਣਾਂਵਦੇ ਨੇ।
ਸੂਰਾ ਜੰਗ ਨੂੰ ਵੇਖਕੇ ਖੁਸ਼ੀ ਹੁੰਦਾ,
ਸਿੰਘ ਖੁਸ਼ੀਆਂ ਦੇ ਵਿਚ ਜਾਂਵਦੇ ਨੇ।
ਸਿੰਘਾਂ ਧਰਮੀਆਂ ਤਾਈਂ ਸੀ ਬਾਤਾ ਸਿੰਘਾ,
ਜਾਏ ਕੌਂਸਲ ਦੇ ਪੇਸ਼ ਕਰਾਂਵਦੇ ਨੇ।

ਫਰੀਦ ਕੋਟ ਦੀ ਕੌਂਸਲ

ਕੌਂਸਲ ਆਖਿਆ ਸੁਣੋ ਸੁਆਲ ਸਾਡਾ,
ਸਾਥੋਂ ਪਾਪ ਏਹ ਝੱਲਿਆ ਜਾਂਵਦਾ ਨਹੀਂ।
ਅਸੀ ਆਪ ਨੂੰ ਸਿਖ ਕਹੌਨ ਵਾਲੇ,
ਦਿਲ ਸਿੰਘਾਂ ਨੂੰ ਪਕੜਿਆ ਚਾਂਵਦਾ ਨਹੀਂ।
ਤੁਸੀ ਬੇਗੁਨਾਹਿਆਂ ਪਕੜ ਲੀਤਾ,
ਐਪਰ ਸਾਨੂੰ ਸਰਾਫ ਏਹ ਭਾਂਵਦਾ ਨਹੀਂ।
ਤੁਸੀ ਲੈ ਜਾਓ ਜਿਥੇ ਜੀ ਚਾਹੇ,
ਭਾਗ ਸਿੰਘ ਏਹ ਜ਼ੁਲਮ ਕਮਾਂਵਦਾ ਨਹੀਂ।

ਏਥੇ ਸੁਆਲ ਉਠਦਾ ਹੈ ਕੇ ਫਰੀਦ ਕੋਟ ਦੇ ਹਾਕਮਾਂ ਨੇ ਕਿਹਾਸੀ ਅਸੀ ਬੇਗੁਨਾਹਿਆਂ ਨੂੰ ਨਹਾਂ ਪਕੜਦੇ ਪ੍ਰੰਤੂ ਏਹਨਾਂ ਨੇ ਜੇਹੜੇ ਕਸੂਰ ਵਿਚ ਪਕੜੇ ਹਨ ਸੋ ਠੀਕ ਹੈ ਪਰ ਉਸ ਵਕਤ ਏਨ੍ਹਾਂ ਨੇ ਆਪ ਨੂੰ ਸਿਖ ਸਮਝ-ਦਿਆਂ ਹੋਇਆਂ ਏਹੋਈ ਕਿਹਾ ਸੀ ਪ੍ਰੰਤੂ ਜੇਹੜੇ ਵੀਰ ਫਰੀਦ ਕੋਟ ਦੇ ਸਿਖ ਭਰਾਵਾਂ ਨੇ ਗਿਰਫਤਾਰ ਕੀਤੇ ਹਨ ਏਹ ਮੁਆਮਲਾ ਉਸ ਵਕਤ ਤੋਂ ਕਾਫੀ ਚਿਰ ਮਗਰੋਂ ਦਾ ਹੈ।

ਮਿਲਿਆ ਅੱਗੋ ਜਵਾਬ ਸੀ ਜਾਬਰਾਂ ਨੂੰ,
ਫੇਰ ਹੋਰ ਦਲੀਲ ਦੁੜਾਂਵਦੇ ਨੇ।
ਕੇਹਰ ਸਿੰਘ ਨੂੰ ਕੱਢਕੇ ਜੇਹਲ ਵਿਚੋਂ,
ਸਤ ਵਜੇ ਲੈ ਟੇਸ਼ਨ ਤੇ ਆਂਵਦੇ ਨੇ।
ਗੱਡੀ ਚਾੜ੍ਹਕੇ ਸੋਹਣੇ ਜੇ ਵੀਰ ਤਾਂਈ,
ਬਾਪਸ ਜੈਤੋ ਦੇ ਵਿਚ ਲੈ ਆਂਵਦੇ ਨੇ।
ਕੇਹਰ ਸਿੰਘ ਦੇ ਨਾਲ ਸੀ ਹੋਰ ਜੇਹੜੇ,
ਨ ਲੇ ਓਨਾਂ ਨੂੰ ਵਿਚ ਬਹਾਂਵਦੇ ਨੇ।
ਅਗਲੇ ਰੋਜ ਸੀ ਗੱਡੀ ਦੁਪੈਹਰ ਵਾਲੀ,
ਕੇਹਰ ਸਿੰਘ ਨੂੰ ਨਾਭੇ ਲੈਜਾਂਵਦੇ ਨੇ।
ਨਾਭੇ ਵਿਚ ਲਜਾਇਕੇ ਭਾਗ ਸਿੰਘਾ,

ਦਾਖਲ ਜੇਹਲ ਦੇ ਵਿਚ ਕਰਾਂਵਦੇ ਨੇ।

ਨੌਕਰਸ਼ਾਹੀ ਨੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ
ਅਖੰਡ ਪਾਠ ਖੰਡਨ ਕਰਨਾ

ਇਸਮੇਂ ਗੁਰਾਂ ਦਾ ਧਾਂਮ ਜੋ ਗੰਗਸਰ ਜੀ,
ਪ੍ਰਗਟ ਹੈ ਜੋ ਵਿਚ ਸੰਸਾਰ ਲੋਕੋ
ਅਖੰਡ ਪਾਠ ਦਾ ਹੁੰਦਾ ਸੀ ਪਾਠ ਓਥੇ, ।
ਪਾਠੀ ਦਿਤਾ ਸੀ ਕਰਨ ਬਠਾਰ ਲੋਕੋ।
ਸਤਿਗੁਰੂ ਦਾ ਨਾਮ ਧਿਆਂਵਦੇ ਸੀ,
ਘੇਰਾ ਪਾਲਿਆ ਆਇ ਸਰਕਾਰ ਲੋਕੋ।
ਪਾਠ ਕਰਦੇ ਗ੍ਰੰਥੀ ਨੂੰ ਧ੍ਰੂਹ ਕਰਕੇ,
ਬੁਰਾ ਹਾਲ ਕੀਤਾ ਧਕੇ ਮਾਰ ਲੋਕੋ।
ਗੁਰੂ ਗ੍ਰੰਥ ਜੀ ਦੇ ਜਹਾਨ ਵਾਲੀ,
ਦੇਹੀ ਓਨਾਂ ਦੀ ਕੀਤੀ ਖੁਵਾਰ ਲੋਕੋ
ਗੁਰੂ ਗ੍ਰੰਥ ਦੀ ਬੜੀ ਬੇਅਦਬੀ ਕੀਤੀ, ।
ਲਿਆ ਜਾਬਤਾ ਖਿਚ ਹੰਕਾਰ ਲੋਕੋ।
ਐਡੀ ਹਤਕ ਹੋਈ ਗੁਰੂ ਗ੍ਰੰਥ ਜੀ ਦੀ,
ਤੁਸੀ ਦਿਲਾਂ ਵਿਚ ਕਰੋ ਵਿਚਾਰ ਲੋਕੋ।
ਜਿੰਨਾ ਚਿਰ ਹੈ ਪਿੰਜਰੇ ਸਾਸ ਥੋੜੇ,

17A

ਕੀ ਸਕਦੇ ਹੋ ਸਹਾਰ ਲੋਕੋ।
ਭਾਗ ਸਿੰਘ ਗਰੀਬ ਦੀ ਅਰਜ਼ ਮੰਨੋ,
ਅਮ੍ਰਿਤ ਛਕੇ ਤੇ ਹੋਜੋ ਤਿਆਰ ਲੋਕੋ।

ਗੁਰਮਤਾ

ਰੌਲਾ ਪਿਆ ਤੇ ਪੁਜੀਆਂ ਦੂਰ ਖਬਰਾਂ,
ਧੂੰਮ ਨਿਕਲੀ ਵਿਚ ਸੰਸਾਰ ਭਾਈ।
ਜਰਾ ਬੈਠ ਕਮੇਟੀ ਸ਼੍ਰੋਮਣੀ ਨੇ,
ਕੀਤੀ ਸੋਚਕੇ ਚਿਤ ਵਚਾਰ ਭਾਈ।
ਜੈਤੋਂ ਮੋਰਚੇ ਦੇ ਜਥਾ ਭੇਜਣੇ ਨੂੰ,
ਪੱਟੀ ਸਿੰਘਾਂ ਨੂੰ ਕੀਤਾ ਤਿਆਰ ਭਾਈ।
ਪੱਟੀ ਸਿੰਘਾਂ ਦਾ ਜਥਾ ਤਿਆਰ ਕੀਤਾ,
ਸਿੰਘ ਬੜੇ ਦਲੇਰ ਹੁਸ਼ਿਆਰ ਭਾਈ।
ਜਾਮੇ ਵਿਚ ਨਾ ਮੂਲ ਸਮਾਂਵਦੇ ਨੇ,
ਹੁੰਦੀ ਸਮਝਦੇ ਕੀ ਸਰਕਾਰ ਭਾਈ।
ਤੁਰਨ ਲਗਿਆਂ ਫਤੇ ਬੁਲਾਂਵਦੇ ਨੇ,
ਨਾਲੇ ਛਡਦੇ ਖੂਬ ਜੈਕਾਰ ਭਾਈ।
ਦਿਲ ਓਹਨਾਂ ਦੇ ਵਿਚ ਦਲੀਲ ਏਹੋ,
ਨਾਭਾ ਦੇਵਾਂਗੇ ਗਦੀ ਬਠਾਰ ਭਾਈ।

ਪੁਜੇ ਸਟੇਸ਼ਨਤੇ ਤੁਰਕੇ ਅਕਾਲ ਤਖਤੋਂ,
ਗੱਡੀ ਚਲਣਨੂੰ ਖੜੀ ਤਿਆਰ ਭਾਈ।
ਵਿਚੋਂ ਇਕ ਭੁਝੰਗੀ ਨੂੰ ਭਾਗ ਸਿੰਘਾ,
ਮਾਤਾ ਆਖਦੀ ਨਾਲ ਪਿਆਰ ਭਾਈ।

ਇਕ ਭੁਝੰਗੀ ਦੀ ਮਾਤਾ ਨੇ ਪੁਤਰ ਨੂੰ
ਖੁਸ਼ੀ ਨਾਲ ਤੋਰਨਾ ਅਤੇ ਦਲਾਸਾ ਦੇਣਾ

ਬੱਚਾ ਜਾਂਦਿਆਂ ਸੁਣੀ ਜਾ ਅਰਜ ਮੇਰੀ,
ਮੇਰਾ ਅਜ ਦਾ ਵਾਕ ਭੁਲਾਵਣਾਨਹੀਂ।
ਤੂ ਤਾਂ ਚਲਿਆਸ਼ਹੀਦੀਆਂ ਪਾਵਣੇ ਨੂੰ,
ਐਪਰ ਚਿਤਨੂੰ ਰਤਾ ਡੁਲਾਵਣਾ ਨਹੀਂ।
ਖੁਸ਼ੀਆਂ ਨਾਲ ਮੈਂ ਤੋਰਦੀ ਮਾਂ ਤੇਰੀ,
ਕੋਈ ਚਿਤ ਮੇਂ ਖੌਫ ਲਿਆਵਣਾ ਨਹੀਂ।
ਤੂ ਤਾਂ ਚਲਿਐ ਲਾਡਲਾ ਸ਼ੇਰ ਬਣਕੇ,
ਬਿੱਲੇ ਗਿੱਦੜਾਂ ਤੋਂ ਖੌਫ ਖਾਵਣਾ ਨਹੀਂ।
ਅਗੇ ਗਿਆਂ ਜੇ ਮਿਲੇਗਾ ਦੁਖ ਤੈਨੂੰ,
ਮੇਰੇ ਵੰਨੀਂ ਖਿਆਲਲਿਆਵਣਾਨਹੀਂ।
ਚਲੇ ਗੋਲੀ ਤਾਂ ਛਾਤੀ ਨੂੰ ਡਾਹ ਦੇਵੀਂ,
ਐਪਰ ਪਿਛੇ ਨੂੰ ਪੈਰਹਟਾਵਣਾ ਨਹੀਂ।

ਜਿੰਨਾ ਚਿਰ ਨਾ ਨਾਭੇ ਨੂੰ ਮਿਲੇ ਗੱਦੀ,
ਮੈਨੂੰ ਆਇਕੇ ਮੁਖ ਵਖਾਵਣਾ ਨਹੀਂ ।
ਰਿਪਦੰਮਨ ਸਿੰਘ ਨੂੰ ਗੱਦੀ ਬਠਾਏ ਬਿਨਾ,
ਅਮ੍ਰਿਤਸਰ ਦੇ ਜ਼ਿਲੇ ਮੁੜ ਆਵਣਾ ਨਹੀਂ ।
ਸਾਡਾ ਫਰਜ਼ ਹੈ ਪਰਉਪਕਾਰ ਕਰਨਾ,
ਧਰਮ ਆਪਣੇ ਤਾਂਈਂ ਗੁਵਾਵਣਾ ਨਹੀਂ ।
ਬਾਂਹਾਂ ਕੱਟਕੇ ਜਾਬਰ ਜੇ ਕਰਨ ਟੋਟੇ,
ਤਾਂ ਵੀ ਸਿਖੀ ਨੂੰ ਦਾਗ਼ ਲਗਾਵਣਾ ਨਹੀਂ ।
ਜਿਸਦੀ ਚੀਜ਼ ਹੈ ਮਾਲਕ ਦੇ ਹਥ ਦੇਵੋ,
ਐਵੇਂ ਜਨਮ ਫਜ਼ੂਲ ਗੁਵਾਵਣਾ ਨਹੀਂ ।
ਚਾਰ ਰੋਜ਼ ਨੂੰ ਮਾਂ ਵੀ ਮਗਰ ਤੇਰੇ,
ਏਥੇ ਬੈਠ ਮਹੱਲਾਂ ਨੂੰ ਪਾਵਣਾ ਨਹੀਂ ।
ਲੜੋ ਸੂਰਿਓ ਧਰਮ ਦੇ ਹੇਤ ਜਾਕੇ,
ਰੋਟੀ ਕਾਰਨੇ ਗੱਲਾ ਕਟਾਵਣਾ ਨਹੀਂ ।
ਭਗਤ ਸਿੰਘ ਸਰਦਾਰ ਫੇਰ ਬੋਲਦਾ ਏ,
ਚਲੋ ਵੀਰਨੋ ਡਰ ਲਗਾਵਣਾ ਨਹੀਂ ।
ਖੜੇ ਫਤੇ ਬੁਲਾਂਵਦੇ ਭਾਗ ਸਿੰਘਾ,
ਖਬਰੇ ਮਿਲੇ ਫੇਰ ਦੇਸ ਨੂੰ ਆਵਣਾ ਨਹੀਂ ।

ਚੀਕਾਂ ਮਾਰਕੇ ਤੁਰ ਪਈ ਡਾਕ ਓਥੋਂ,
ਸਿੱਧੀ ਵੱਲ ਕਸੂਰ ਦੇ ਧਾਂਵਦੀਏ।
ਬਿਰ ਰੰਗਲੀ ਗੁਰੂ ਦੀ ਫੌਜ ਬੈਠੀ,
ਅਤੇ ਖੂਬ ਜੈਕਾਰੇ ਬੁਲਾਂਵਦੀਏ।
ਸਚੇ ਗੁਰੂ ਦੇ ਲਾਡਲੇ ਜਾਂਦਿਆਂ ਨੂੰ,
ਦੁਨੀਆਂ ਦੂਰ ਥੀ ਵੇਖਣੇ ਆਂਵਦੀਏ।
ਜਿਸ ਵਿਚ ਸੀ ਗੁਰੂ ਦੇ ਲਾਲ ਬੈਠੇ,
ਗੱਡੀ ਵੀਰਨਾਂ ਦੀ ਸੋਭਾ ਪਾਂਵਦੀਏ।
ਗੱਡੀ ਹੋਏ ਤਬਦੀਲ ਕਸੂਰ ਵਿੱਚੋਂ,
ਅਤੇ ਜੈਤੋ ਦੀ ਤਰਫ ਨੂੰ ਧਾਂਵਦੀਏ।
ਜੈਤੋ ਛੋਡਕੇ ਵੀਰਾਂ ਅਕਾਲੀਆਂ ਨੂੰ,
ਆਪ ਗਾਂਹਾ ਰਵਾਨਾ ਹੋ ਜਾਂਵਦੀਏ।
ਸੰਗਤ ਉਤਰੀ ਖੜੀ ਸੀ ਭਾਗ ਸਿੰਘਾ,
ਸਤਿਨਾਮ ਆਵਾਜ਼ ਅਲਾਂਵਦੀਏ।

ਤਥਾ

ਓਦਰ ਦਾਸ ਦੇ ਪਿੰਡ ਵੀ ਖਬਰ ਪੁਜੀ,
ਜਾਮੇ ਵਿਚ ਨਾ ਮੂਲ ਸਮਾਂਵਦਾ ਮੈਂ।
ਝਟ ਪਟ ਤਿਆਰ ਹੋ ਖਾਲਸਾ ਜੀ,

ਸਿਧਾ ਜੈਤੋ ਦੀ ਤਰਫ ਨੂੰ ਧਾਂਮਦਾ ਮੈਂ'
ਜਥਾ ਰੋਕਿਆ ਖੜਾ ਸੀ ਟੇਸ਼ਨ ਉਤੇ,
ਓਹਨਾਂ ਜਾਇਕੇ ਫਤੇ ਬੁਲਾਂਵਦਾ ਮੈਂ
ਭਾਗ ਸਿੰਘ ਦੇ ਵੀਰਨਾ ਪਿਆਰਿਆਂ ਦੇ,
ਸ਼ਾਮਲ ਜਾਇਕੇ ਵਿਚ ਹੋ ਜਾਂਵਦਾ ਮੈਂ।
ਭਗਤ ਸਿੰਘ ਕਮੇਟੀ ਦਾ ਸੀ ਮੈਂਬਰ,
ਅਤੇ ਓਸਨੇ ਹੁਕਮ ਸੁਣਾ ਦਿਤਾ।
ਛੋਟੀ ਲੈਣ ਦੇ ਪਰੇਟ ਜੋ ਫਾਰਮ ਉਤੇ,
ਤੁਰਤ ਜਥੇ ਨੂੰ ਓਥੇ ਬੈਠਾ ਦਿਤਾ।
ਜਥੇਦਾਰ ਦੀਵਾਨ ਦਾ ਉਤਮ ਸਿੰਘ,
ਲੰਗਰ ਲਿਆਕੇ ਓਸ ਛਕਾ ਦਿੱਤਾ।
ਲੰਗਰ ਛਕਕੇ ਗੁਰੂ ਦੇ ਲਾਡਲਿਆਂਨੇ,
ਓਥੇ ਸ਼ੁਰੂ ਪ੍ਰਚਾਰ ਕਰਾ ਦਿੱਤਾ।
ਜਿਸ ਕਾਰਨੇ ਚਲਕੇ ਆਏ ਜੈਤੋ,
ਸਾਰਾ ਖੋਲਕੇ ਹਾਲ ਸੁਣਾਏ ਦਿਤਾ
ਭਾਗ ਸਿੰਘ ਸਟੇਸ਼ਨ ਤੇ ਗਜਦੇ ਨੇ,
ਸਿੰਘਾਂ ਸ਼ਾਂਤੀ ਮੋਰਚਾ ਲਾਏ ਦਿਤਾ।

ਥਾਨੇਦਾਰ

ਥਾਨੇਦਾਰ ਸੀ ਰਾਮ ਪ੍ਰਸ਼ਾਦ ਜੇਹੜਾ,
ਭੌਨਾ ਜਥੇ ਦੀ ਤਰਫ ਨੂੰ ਆਂਵਦਾਏ।
ਆਕੇ ਦੋਹਾਂ ਕਮੇਟੀ ਦੇ ਮੈਂਬਰਾਂ ਨੂੰ,
ਵੇਖੋ ਕਿਸਤਰਾਂ ਹੁਕਮ ਸੁਣਾਂਵਦਾਏ।
ਰਿਆਸਤ ਵਿਚ ਨਾ ਵੜਨਦਾ ਹੁਕਮ ਥੋਨੂੰ,
ਗੁਰਦਿਆਲਸਿੰਘ ਸਰਦਾਰ ਫੁਰਮਾਂਵਦਾਏ।
ਨੋਟ ਕਰਕੇ ਗਲਾਂ ਦਾ ਭਾਗ ਸਿੰਘਾਂ,
ਥਾਨੇਦਾਰ ਨੂੰ ਮੈਂਬਰ ਸੁਣਾਂਵਦਾਏ।

ਸ੍ਰਦਾਰ ਭਗਤਸਿੰਘ ਅਤੇ ਰਸਾਲਦਾਰ ਰਨਜੋਧ ਸਿੰਘ

ਥਾਨੇਦਾਰ ਨੂੰ ਆਖਿਆ ਮੈਂਬਰਾਂ ਨੇ,
ਤੈਨੂੰ ਹੁਣੇ ਜੁਵਾਬ ਸੁਣਾਂਵਦੇ ਹਾਂ।
ਜੇਹੜਾ ਦੀਆ ਗੁਰਦਿਆਲੂ ਨੇ ਹੁਕਮ ਸਾਨੂੰ,
ਖਤ ਲਿਖਕੇ ਹਥ ਫੜਾਂਵਦੇ ਹਾਂ।
ਅਸੀ ਆਪਨੂੰ ਸਿਖ ਕਹੌਨ ਵਾਲੇ,
ਗੁਰਦਿਆਲ ਸਿੰਹੁ ਦੇ ਤਾਂਈਂ ਸੁਣਾਂਵਦੇ ਹਾਂ।
ਪੰਜ ਮਿੰਟ ਤੂੰ ਠੈਹਰ ਜਾ ਭਾਗ ਸਿੰਘਾ,
ਖਤ ਹੁਣ ਤਿਆਰ ਕਰਾਂਵਦੇ ਹਾਂ।

## ਮੈਂਬਰਾਂ ਨੇ ਖਤ ਲਿਖਣਾ

ਖਤ ਲਿਖਦੇ ਮੈਂਬਰ ਵਿਚਾਰ ਕਰਕੇ,
ਤੇ ਗੁਰਦਿਆਲੂ ਦੇ ਤਾਂਈਂ ਸੁਣੌਨ ਲਗੇ।
ਵਜਾ ਕੀ ਇਹ ਧਾਰਮਕ ਦੀਵਾਨ ਅੰਦਰ,
ਸਾਡੇ ਜਾਂਦਿਆਂ ਤਾਂਈਂ ਹਟੌਣ ਲਗੇ।
ਜ਼ਰਾ ਖੋਲਕੇ ਸਾਨੂੰ ਜੁਵਾਬ ਦੇਓ,
ਕੀ ਕਨੂਨ ਹੋ ਤੁਸੀ ਬਨੌਣ ਲਗੇ।
ਅਸੀ ਸਿਖ ਗੁਰਦਿਆਲੂਆ ਸਿਖ ਤੂ ਵੀ,
ਸਾਡੇ ਨਾਲ ਕਿਉਂ ਦਗੇ ਕਮੌਨ ਲਗੇ।
ਜਾਂਦੇ ਸਿਖ ਰੁਕਾਵਟਾਂ ਹੁੰਦੀਆਂ ਕਿਉਂ,
ਥੋਨੂੰ ਕੇਹੜੇ ਕਨੂਨ ਬਤੌਣ ਲਗੇ।
ਅਜੇ ਸਮਝਲੋ ਵਿਗੜਿਆ ਕੁਛ ਨਹੀਓਂ,
ਇਜ਼ਤ ਆਪਣੀ ਖਾਕ ਰਲੌਣ ਲਗੇ।
ਜੋਰਾ ਸਿੰਘ ਜੇਹੇ ਨਾਜ਼ਮ ਨਿਜ ਹੋਵਨ,
ਜੇਹੜੇ ਆਪਨੂੰ ਸਿਖ ਕਹੌਣ ਲਗੇ।
ਬਲੇ ਬੋਡੇ ਓਇ ਸਿਖ ਕਹੋਣ ਵਾਲਿਓ,
ਅਜ ਸਿਖੀ ਦੀ ਲਾਜ ਰਖੌਣ ਲਗੇ।
ਇੱਜਤ ਰਖਣੀ ਸੀ ਸੋਹਣੇ ਦਾੜ੍ਹਿਆਂ ਦੀ,

ਸਰੋਂ ਖਾਕ ਦੇ ਵਿਚ ਮਲੌਣ ਲਗੇ।
ਆਈ ਸ਼ਰਮ ਨਾ ਜੇਰੇ ਗੁਰਦਿਆਲੂ ਤਾਂਈਂ,
ਜਦੋਂ ਇੰਘ ਸੀ ਨਾਮ ਧਰੌਣ ਲਗੇ।
ਭਾਗ ਸਿੰਘਾ ਦੀਵਾਨ ਨੂੰ ਜਾਂਦਿਆਂ ਤੇ,
ਅੱਜ ਆਇਕੇ ਤਹਤ ਜਮੌਣ ਲਗੇ।

ਤਥਾ

ਥਾਨੇਦਾਰ ਨੂੰ ਕਿਹਾਂ ਰਨਜੋਦ ਸਿੰਘ ਨੇ,
ਖਤ ਛੇਤੀ ਗੁਰਦਿਆਲੂ ਨੂੰ ਜਾ ਦੇਵੀ।
ਮੈਂਬਰ ਆਖਦੇ ਡੇਰ ਨਾ ਮੂਲ ਲਾਈ,
ਸਾਡਾ ਸੀਗਰੀ ਹੀ ਖਤ ਪੁਚਾ ਦੇਵੀ
ਰੋਕੇ ਜਾਨ ਦੀਵਾਨ ਤੋਂ ਸਿਖ ਕਾਹਤੇ,
ਸਾਨੂੰ ਏਹਦਾ ਜਵਾਬ ਲਿਆ ਦੇਵੀ।
ਤੈਨੂੰ ਦੇਓ ਜਵਾਬ ਜੋ ਭਾਗ ਸਿੰਘਾ,
ਛੇਤੀ ਸਾਡੇ ਤੂੰ ਪਾਸ ਪੁਚਾ ਦੇ

ਵਾਕ ਕਵੀਸ਼ਰ

ਖਤ ਲੈਕੇ ਚਲਿਆ ਥਾਨੇਦਾਰ,
ਗੁਰਦਿਆਲੂ ਨੂੰ ਜਾਏ ਫੜਾਂਵਦਾਏ।
ਖਤ ਵਾਤ ਗੁਰਦਿਆਲੂ ਵੀ ਸੋਚ ਰਿਹਾ,

ਐਪਰ ਕੋਈ ਜਵਾਬ ਨਾ ਆਂਵਦਾਏ।
ਉਤਰ ਦਿਤਾ ਨਹੀਂ ਕੋਈ ਮੈਂਬਰਾਂ ਨੂੰ,
ਪਿਆ ਫਿਕਰ ਮੈਂ ਰਤ ਸੁਕਾਂਵਦਾਏ।
ਭਾਗ ਸਿੰਘ ਉਡੀਕ ਕੇ ਡੇਢ ਘੰਟਾ,
ਮੈਂਬਰ ਸਿੰਘਾਂ ਦੇ ਤਾਂਈਂ ਸੁਣਾਂਵਦਾਏ।

ਮੈਂਬਰ

ਭਗਤ ਸਿੰਘ ਸਰਦਾਰ ਫੇਰ ਬੋਲਦਾਏ,
ਸਿੰਘ ਬਣਕੇ ਸਿੰਘੋ ਵਖਾਦਿਓ।
ਐਥੇ ਬੈਠਕੇ ਵਕਤ ਵਿਹਾਂਵਦੇ ਕਿਊਂ,
ਚਲੋ ਛੇਤੀ ਹੀ ਮੋਰਚਾ ਲਾਦਿਓ।
ਫੜਕੇ ਸ਼ਾਂਤੀ ਦੀ ਤਲਵਾਰ ਤਾਂਈਂ,
ਹਥ ਦੁਸ਼ਮਣਾਂ ਤਾਂਈਂ ਵਿਖਾਦਿਓ।
ਪਤਾ ਲਗ ਜਾਵੇ ਏਨ੍ਹਾਂ ਜਾਬਰਾਂ ਨੂੰ,
ਸਤਿਨਾਮ ਦੇ ਤੀਰ ਵਗਾਦਿਓ।
ਜੇਹੜੇ ਆਪਨੂੰ ਸਿਖ ਕਹਾਂਵਦੇ ਨੇ,
ਉਹੋ ਛਬਦੇ ਨਾਮ ਲਖਾਦਿਓ।
ਲਗੇ ਮੋਰਚਾ ਜੇਕਰ ਭਾਗ ਸਿੰਘਾ,
ਦੋ ਦੋ ਤੋਰਨੇ ਸ਼ੁਰੂ ਕਰਾਦਿਓ।

ਭਾਈ ਵਸਾਵਾ ਸਿੰਘ ਤੇ ਦਾਸ ਨੇ ਜਥੇ ਤੋਂ
ਆਗਿਆ ਲੈਕੇ ਦੀਵਾਨ ਨੂੰ ਜਾਣਾ

ਦਾਸ ਲੈਕੇ ਆਗਿਆ ਮੈਂਬਰਾਂ ਤੋਂ,
ਸਿਧਾ ਵਲ ਦੀਵਾਨ ਦੇ ਜਾਂਵਦਾ ਸੀ।
ਵਸਾਵਾ ਸਿੰਘ ਸੀ ਦਾਸ ਦੇ ਨਾਲ ਤੁਰਿਆ,
ਜਾਂਦਾ ਖੂਬ ਜੈਕਾਰੇ ਬੁਲਾਂਵਦਾ ਸੀ।
ਨੌਕਰਸ਼ਾਹੀ ਨੇ ਆਖਿਆ ਮੂੜੋ ਪਿਛੇ,
ਸਾਡਾ ਪੈਰ ਦੀਵਾਨ ਨੂੰ ਧਾਂਵਦਾ ਸੀ।
ਭਾਗ ਸਿੰਘ ਫੜਕੇ ਥਾਨੇਦਾਰ ਸਾਨੂੰ,
ਸੁਪ੍ਰਿੰਡੰਟ ਦੇ ਪਾਸ ਲੈ ਜਾਂਵਦਾ ਸੀ।

ਸੁਪ੍ਰਿੰਡੰਟ

ਸੁਪ੍ਰਿੰਡੰਟ ਨੇ ਆਖਿਆ ਅਸਾਂ ਤਾਂਈਂ,
ਕਿਉਂ ਵਲ ਦੀਵਾਨ ਦੀ ਧਾਂਵਦੇ ਓਏ
ਤਿੰਨ ਦਿਨ ਦਾ ਸੀ ਦੀਵਾਨ ਥੋੜਾ,
ਹੁਣ ਐਵੇਂ ਕਿਉਂ ਸ਼ੋਰ ਮਚਾਂਵਦੇ ਓਏ
ਵਾਪਸ ਚਲੇ ਜਾਓ ਥੋਨੂੰ ਆਖਦਾ ਮੈਂ,
ਜਿੰਦ ਰਖਣੀ ਜੇਕਰ ਚਾਂਹਵਦੇ ਓਏ।
ਦਿਲ ਰਟ ਦੇ ਉਤੇ ਕਿਉਂ ਭਾਗ ਸਿੰਘਾ,

ਤੁਸੀ ਨਿਮਕ ਜੈਕਾਰੇ ਦਾ ਪਾਂਵਦੇ ਓਏ

ਦਾਸ ਵਲੋਂ ਉਤਰ

ਅਸਾਂ ਆਖਿਆ ਜਾਬਰੇ ਰੋਕਦੇ ਕਿਉਂ,
ਸਦਾ ਰਹੇਗਾ ਸਾਡਾ ਦੀਵਾਨ ਏਥੇ।
ਖੂਨ ਡੁਲਣਾ ਹੈ ਏਥੇ ਵੀਰਨਾਂ ਦਾ,
ਅਖੀਂ ਵੇਖ ਲਈ ਚਲਦੇ ਘਾਨ ਏਥੇ।
ਤੂ ਤਾਂ ਆਖਦੈ ਅਸਾਨੂੰ ਮੁੜੋ ਪਿਛੇ,
ਖਤਮ ਹੋਣਗੇ ਸਾਡੇ ਪਰਾਨ ਏਥੇ।
ਤੈਥੋਂ ਜਾਬਰਾ ਗੁਰੂ ਦੇ ਲਾਲ ਸੋਹਣੇ,
ਹਸ ਹਸਕੇ ਗੋਲੀਆਂ ਖਾਨ ਏਥੇ।
ਤੁਸੀ ਭਜ ਜਾਣਾ ਗੁਰੂ ਬਾਗ ਵਾਂਗੂ,
ਸਾਡੇ ਕਰਨਗੇ ਵੀਰ ਵਿਖਿਆਨ ਏਥੇ।
ਪਰਵਾਹ ਨਹੀਂ ਪਤੰਗਾਂ ਨੂੰ ਜਾਨਦੀਏ,
ਲੱਖ ਜਗਣ ਪਿਆਰੇ ਸ਼ਮਾਦਾਨ ਏਥੇ।
ਰਜ ਰਜਕੇ ਅਤਿਆਚਾਰ ਕਰ ਲੀ,
ਸਾਡੇ ਵੀਰ ਨਾ ਮੁਖ ਭੁਵਾਨ ਏਥੇ।
ਨਾਭੇ ਪਤੀ ਨੂੰ ਤਖਤ ਬਠਾਵਸਾਂਗੇ,
ਬੱਚਾ ਬੱਚਾ ਕਰ ਦੇਵਾਂ ਕੁਰਬਾਨ ਏਥੇ।

NATIONAL ARCHIVES LIBRARY
No 1971
Date 1.2.72
OF INDIA

ਸੀਸ ਕੱਟਕੇ ਧੜਾ ਤੋਂ ਭਾਗ ਸਿੰਘਾ,
ਅਸਾਂ ਰਖਣੇ ਗੁਰੂ ਅਸਥਾਨ ਏਥੇ।

ਸੁਪ੍ਰਿੰਡੰਟ

ਸੁਪ੍ਰੰਡੰਟ ਨੇ ਦੋਵੇਂ ਗ੍ਰਿਫਤਾਰ ਕੀਤੇ,
ਅਤੇ ਚੌਕੀ ਲੈਜਾਏ ਬਠਾ ਦਿਤਾ।
ਖੋਲ ਬਾਰ ਬਰਾਂਡੇ ਦੇ ਕਰ ਅੰਦਰ,
ਐਥੇ ਏਠਜੋ ਸਾਨੂੰ ਸੁਣਾਏ ਦਿਤਾ।
ਪਿਛੋਂ ਕਰ ਵਿਚਾਰ ਦੋਹਾਂ ਮੈਂਬਰਾਂ ਨੇ,
ਜਥਾ ਸਾਰਾ ਹੀ ਸ਼ੁਰੂ ਕਰਾ ਦਿਤਾ।
ਭਾਗ ਸਿੰਘ ਓਹਵੀ ਗਿਰਫਤਾਰ ਕਰਕੇ,
ਅਤੇ ਕੋਠੀ ਦੇ ਪਾਸ ਬੈਠਾ ਦਿਤਾ।

ਪਹਿਲੇ ਦੋ ਦੋ ਤੋਰਨੇ ਸ਼ੁਰੂ ਕੀਤੇ ਸੀ ਪ੍ਰੰਤੂ ਓਹ
ਜਥਾ ਸਾਰਾ ਏਸ ਵਾਸਤੇ ਤੋਰਿਆ ਗਿਆ ਸੀ
ਕੇ ਪਿਛੋਂ ਸ੍ਰੀ ਅਮ੍ਰਿਤਸਰ ਜੀ ਤੋਂ ਤਾਰ ਪੁਜੀ
ਤੇ ਮੈਂਬਰਾਂ ਨੂੰ ਜਰੂਰੀ ਕੰਮ ਲਈ ਬੁਲਾਇਆ
ਗਿਆ ਸੀ

ਇਧਰ ਚੌਦਾ ੧੮ ਸਿੰਘਾਂ ਦਾ ਜਥਾ ਗਿਆ ਸੀ
ਫਰੀਦ ਕੋਟੋ ਵਾਪਸ ਔਣਾ

ਓਧਰ ਜਥਾ ਜੋ ਗਿਆ ਸੀ ਫਰੀਦਕੋਟੋ,
ਗੱਡੀ ਸ਼ਾਮ ਦੀ ਵਾਪਸ ਮੁੜ ਆਂਵਦਾਏ।

LIBRARY ARCHIVES JAKOITAM



ਥਾਨੇਦਾਰ ਉਤਾਰਕੇ ਜਥੇ ਤਾਂਈਂ,
ਢੋਕੀ ਅਸਾਂ ਦੇ ਪਾਸ ਲੈ ਆਂਵਦਾਏ।
ਔਂਦੇ ਜਥੇ ਨੂੰ ਵੇਖਕੇ ਜੋਸ਼ ਭਰਿਆ,
ਕਵੀ ਖੜ ਜੈਕਾਰੇ ਬੁਲਾਂਵਦਾਏ।
ਭਾਗ ਸਿੰਘ ਨੂੰ ਮਿਲ ਗਏ ਵੀਰ ਸੋਹਣੇ,
ਘੁਟ ਘੁਟਕੇ ਜਫੀਆਂ ਪਾਂਵਦਾਏ।

ਜਥੇ ਚੋਂ ਨਖੇੜਨੇ

ਅਡ ਕਰਕੇ ਜਥੇਚੋਂ ਅਸਾਂ ਤਾਂਈ,
ਅਤੇ ਕੋਠੀ ਦੇ ਵਲ ਲੈ ਆਂਵਦੇ ਨੇ।
ਜਥਾ ਬੈਠਾ ਸੀ ਜੀ ਦੇ ਦੋਂ ਨਿਖੜੇ ਸੀ,
ਓਦੇ ਵਿਚ ਲੈਜਾਏ ਬਠਾਂਵਦੇ ਨੇ।
ਅਗੇ ਸਿੰਘ ਸੀ ਗੁਰਮਤਾ ਪਾਸ ਕਰਕੇ,
ਅਤੇ ਸਾਰਿਆਂ ਤਾਂਈਂ ਸੁਣਾਂਵਦੇ ਨੇ।
ਈਸ਼ਰ ਸਿੰਘ ਮਜੈਲਤੇ ਸਿੰਘ ਧੰਨਾ,
ਦੋਵੇਂ ਕੋਲ ਲੇ ਗੁਰਦਿਆਲੂ ਦੇ ਜਾਂਵਦੇ ਨੇ।
ਤੇਰੇ ਹਾਂ ਗਿਰਫਤਾਰ ਕੇ ਨਹੀਂ ਅਸੀ,
ਗੁਰਦਿਆਲੂ ਦੇ ਤਾਂਈਂ ਸੁਣਾਂਵਦੇ ਨੇ।
ਜੁਵਾਬ ਲੈ ਗੁਰਦਿਆਲੂ ਤੋਂ ਭਾਗ ਸਿੰਘਾ,

ਸਾਰੇ ਜਥੇ ਦੇ ਤਾਂ ਸੁਣਾਂਵਦੇ ਨੇ,।

ਸਿੰਘਾਂ ਨੇ ਗੁਰਦਿਆਲੂ ਕੋਲੋਂ ਪੁਛਿਆ ਕੇ
ਤੇਰੇ ਅਸੀ ਗਿਰਫਤਾਰ ਹਾਂ ਕੇ ਨਹੀਂ ਤਾਂ
ਜੁਵਾਬ ਮਿਲਿਆ ਕੇ ਤੁਸੀ ਗਿਰਫਤਾਰ
ਨਹੀਓਂ ਜਿਧਰ ਜਾਣਾ ਹੈ ਜਾ ਸਕਤੇ ਹੋ
ਲੇਕਨ ਦੀਵਾਨ ਕੇ ਜਾਨੇ ਦੀ ਅਜਾਜਤ
ਨਹੀਂ ਦੇਈ ਜਾਇਗੀ।

ਜਥੇਦਾਰ

ਜਥੇਦਾਰ ਨੇ ਅਖਿਆ ਵੀਰਨੋ ਓਏ,
ਧੁਪੇ ਬੈਠ ਕਿਉਂ ਦੁਖ ਉਠਾਂਵਦੇ ਹਾਂ।
ਗੁਰਦਿਆਲੂ ਆਖਦਾ ਮੇਰੇ ਨਹੀਂ ਫੜੇ ਤੁਸੀ,
ਆਪਾ ਬੈਠ ਕਿਉਂ ਵਕਤ ਗੁਵਾਂਵਦੇ ਹਾਂ।
ਕਮਰ ਕਸੇ ਲਗਾਇਕੇ ਤਿਆਰ ਹੋਜੋ,
ਆਪਾ ਵਿਚ ਦੀਵਾਨ ਦੇ ਜਾਂਵਦੇ ਹਾਂ।
ਭਾਗ ਸਿੰਘ ਜਿਸ ਕੰਮ ਨੂੰ ਆਏ ਏਥੇ,
ਸੋਈ ਕੰਮ ਕਰਨਾ ਚੰਗਾ ਚਾਂਵਦੇ ਹਾਂ।

ਸਿੰਘਾਂ ਨੇ ਦੀਵਾਨਨੂੰ ਜਾਣਾ

ਜਥੇਦਾਰ ਦੀ ਆਗਿਆ ਮੰਨ ਸਿਰ ਤੇ,
ਕਮਰ ਕਸੇ ਲਗਾਂਵਦੇ ਵੀਰ ਭਾਈ।
ਸਿੰਘਾਂ ਸੋਦ ਅਰਦਾਸੇ ਨੂੰ ਖਾਲਸਾ ਜੀ,

ਘਤੀ ਵਲ ਦੀਵਾਨ ਵਹੀਰ ਭਾਈ।
ਫੌਜੀ ਸਿੰਘ ਗੁਰਦਿਆਲੂ ਨੇ ਭੇਜ ਦਿਤੇ,
ਜਾਂਦੇ ਵੀਰਾਂ ਨੂੰ ਮੋੜਦੇ ਵੀਰ ਭਾਈ।
ਭਾਗ ਸਿੰਘ ਫੜਿਆ ਸਿਘਾ ਪੰਦਰਾਂ ਨੂੰ,
ਦੂਜੇ ਪੁਜਗੇ ਵੇਖਕੇ ਭੀੜ ਭਾਈ।

ਪੰਦਰਾਂ ਸਿੰਘਾਂ ਨੂੰ ਧੁਪੇ ਬਿਠਾ ਦੇਣਾ ਭਾਈ
ਈਸ਼ਰ ਸਿੰਘ ਮਝੈਲ ਦੇ ਲੈਕਚਰ ਦੇਣਾ

ਛੇਤੀ ਪਕੜਕੇ ਤੇ ਸਿੰਘਾਂ ਪੰਦਰਾਂ ਨੂੰ,
ਅਟੇ ਧੁਪੇ ਲੈ ਜਾਏ ਬਿਠਾਇਆ ਸੀ।
ਈਸ਼ਰ ਸਿੰਘ ਮਜੈਲ ਨੇ ਖੜਾ ਹੋਕੇ,
ਲੈਕਚਰ ਜ਼ੋਰ ਦੇ ਨਾਲ ਸੁਣਾਇਆ ਸੀ।
ਵਾਂਗਰ ਸ਼ੇਰ ਦੇ ਫੇਰ ਵੀ ਗਜਦਾਏ,
ਨਾਲੇ ਭੁਖਾ ਤੇ ਬਹੁਤ ਤਿਹਾਇਆ ਸੀ।
ਖੋਲ ਖੋਲ ਮਸਾਲਾ ਨੂੰ ਭਾਗ ਸਿੰਘਾ,
ਦਿਲ ਜਾਬਰਾਂ ਦਾ ਤਪਾਇਆ ਸੀ।

ਗੁਰਦਿਆਲੂ

ਗੁਰਦਿਆਲੂ ਆਖਿਆ ਏਨਾਂ ਅਕਾਲੀਆਂ ਨੂੰ,
ਛੇਤੀ ਪਿਪਲ ਦੇ ਨੀਚੇ ਬਠਾਦਿਓ।

ਦੋਓ ਵਿਚ ਦੀਵਾਨ ਦੇ ਜਾਣ ਨਾਹੀਂ,
ਚਾਰੇ ਤਰਫ ਹੀ ਪੈਹਰਾ ਲਗਾਦਿਓ।
ਹੌਲਦਾਰਾਂ ਨੂੰ ਆਖਿਆ ਜੋਰੀਏ ਨੇ,
ਸਾਰੇ ਫੌਜੀਆਂ ਤਾਈਂ ਸੁਣਾਦਿਓ।
ਜੇਹੜਾ ਤੁਰੂਗਾ ਉਠਕੇ ਭਾਗ ਸਿੰਘਾ,
ਬਾਂਹੋਂ ਫੜਕੇ ਓਥੇ ਬਠਾਦਿਓ।

ਸਿੰਘਾਂ ਨੇ ਦੋ ਦੋ ਤੋਰਨੇ

ਸਿੰਘਾਂ ਆਖਿਆ ਬੈਠਣਾ ਨਹੀਂ ਚੰਗਾ,
ਚਲੋ ਚਲੀਏ ਵਿਚ ਦੀਵਾਨ ਭਾਈ।
ਸਿੰ ਪ ਸੀ ਪੰਥ ਤੋਂ ਹੁਕਮ ਲੈ ਕੇ,
ਹੋਏ ਤਰਫ ਦੀਵਾਨ ਰੁਵਾਨ ਭਾਈ।
ਤੁਰੇ ਵੱਲ ਦੀਵਾਨ ਦੇ ਜਾਂਵਦੇ ਸੀ,
ਮੁਖੋ ਰਾਮ ਚਿਤਾਰਦੇ ਰਾਮ ਭਾਈ।
ਭਾਗ ਸਿੰਘ ਦੀਵਾਨ ਦੇ ਨਾਲ ਬੋਲੇ,
ਪਾਇ ਜ਼ਾਬਰਾਂ ਨੇ ਘਮਸਾਨ ਭਾਈ।

ਫੌਜੀ ਸਿੰਘ

ਦੋਹਾਂ ਵੀਰਾਂ ਨੂੰ ਓਦੋਂ ਹੀ ਪਕੜ ਕੇਤੇ,
ਫੌਜੀ ਮੋੜ ਪਸ਼ਾਹਾਂ ਨੂੰ ਲਿਆਂਵਦੇ ਨੇ।

ਵੀਰਾਂ ਆਖਿਆ ਪੈਰ ਨਾ ਖਟਸਾਂਗੇ,
ਕਰੋ ਹੁਕਮ ਜੇਹੜੇ ਥੋਨੂੰ ਭਾਂਵਦੇ ਨੇ।
ਚਾਰ ਚਾਰ ਫੌਜੀ ਲਗ ਜਾਣ ਯਾਰੋ,
ਲਤੋ ਬਾਹੋਂ ਫੜ ਚੁਕ ਲਿਆਂਵਦੇ ਨੇ।
ਦੋਵੇਂ ਸਿੰਘ ਖਾਂਦੇ ਹੂਜ਼ਾ ਜਾਬਰਾਂ ਤੋਂ,
ਭਾਗ ਸਿੰਘ ਅਕਾਲ ਧਿਆਂਵਦੇ ਨੇ।

ਸਿੰਘਾਂ ਦੀ ਖੇਡ

ਸੂਰੇ ਸਿੰਘ ਤੇ ਧਰਮ ਦੇ ਸਨ ਪੂਰੇ,
ਜਾਂਦੇ ਵਾਹਿਗੁਰੂ ਨਾਮ ਧਿਆਂਵਦੇ ਸੀ।
ਦੋ ਦੋ ਲੱਖ ਜਾਂਦੀ ਫੌਜ ਖਾਲਸੇ ਦੀ,
ਅਤੇ ਤਰਫ ਦੀਵਾਨ ਦੇ ਧਾਂਵਦੇ ਸੀ।
ਅਗਲੇ ਗਿਆਂ ਨੂੰ ਚੁਕ ਲਿਆਉਣ ਫੌਜੀ,
ਪਿਛੋਂ ਉਠਕੇ ਹੋਰ ਸਦਾਂਵਦੇ ਸੀ।
ਸੋਹਣੀ ਖਾਲਸੇ ਖੇਹਲ ਬਣਾ ਛੱਡੀ,
ਅਗਲੇ ਲਿਆਉਣ ਤੇ ਹੋਰ ਤੁਰ ਆਂਵਦੇ ਸੀ
ਸਮਝੀ ਰਤਾ ਪ੍ਰਵਾਹ ਨਾ ਖਾਲਸੇ ਨੇ,
ਹੱਸੀ ਹੱਸਕੇ ਵ ਸ਼ਤਰਾ ਪਾਂਵਦੇ ਸੀ।
ਭਾਰ ਮਸ਼ੀਨੀ ਦਿਨ ਕਈ ਹੋਇਆ,

ਰਹਿਰਾਸ ਦਾ ਪਾਠ ਕਰਾਂਵਦੇ ਸੀ।

ਸੁਪ੍ਰਿੰਡੰਟ

ਰਹਿਰਾਸ ਦਾ ਜਦੋਂ ਸੀ ਪਾਠ ਹੋਇਆ,
ਸੁਪ੍ਰਿੰਡੰਟ ਨੇ ਆਖ ਸੁਣਾ ਦਿਤਾ।
ਐਸ ਵੇਲੇ ਹੋ ਤੁਸੀ ਗਿਰਫਤਾਰ ਮੇਰੇ,
ਸਾਰੇ ਵੀਰਾਂ ਤੇ ਭਾਈ ਬਤਾ ਦਿਤਾ।
ਸੁਪ੍ਰਿੰਡੰਟ ਨੇ ਸਦਕੇ ਫੌਜੀਆਂ ਨੂੰ,
ਗਿਰਦਾ ਗਿਰਦ ਹੀ ਪਹਿਰਾ ਲਗਾ ਦਿਤਾ।
ਜਿਵੇਂ ਦਿਵਸ ਬਤੀਤ ਗਿਆ ਭਾਗ ਸਿੰਘਾ,
ਸਮਾ ਰਾਤ ਦਾ ਤਿਵੇਂ ਵਿਹਾ ਦਿਤਾ।

ਉਗਲਵੀ ਨੇ ਔਣਾ

ਚੜਿਆ ਦਿਨ ਤੇ ਗੱਡੀ ਦਾ ਵਕਤ ਹੋਇਆ,
ਜਿਸ ਗਡੀਤੇ ਉਗਲਵੀ ਆਂਵਦਾ ਸੀ।
ਸੁਪ੍ਰਿੰਡੰਟ ਤੇ ਥਾਨੇ ਸੀ ਦਾਰ ਮੇਹਰੂ,
ਸਿਧਾ ਟੇਸ਼ਨ ਦੇ ਵਲ ਧਾਂਵਦਾ ਸੀ।
ਗਡੀ ਆਈ ਤੇ ਉਗਲਵੀ ਨਾਲ ਲੀਤਾ,
ਸੁਪ੍ਰਿੰਡੰਟ ਦੀਵਾਨ ਨੂੰ ਸਧਾਂਵਦਾ ਸੀ।
ਓਹਦੇ ਨਾਲ ਰਸਾਲਾ ਤੇ ਬਹੁਤ ਫੌਜੀ,

ਗੋਲੀ ਛਿਕੇ ਦਾ ਮੋਚ ਨਾਂ ਆਂਵਦਾ ਸੀ।
ਕੋਲੇ ਸਿੰਘਾਂ ਦੇ ਊਗਲਵੀ ਆਨ ਖਲਾ,
ਅਤੇ ਜਥਾ ਜੈਕਾਰੇ ਬੁਲਾਂਵਦਾ ਸੀ।
ਦਿਤਾ ਊਗਲਵੀ ਨੇ ਹੁਕਮ ਮੇਹਰ ਸਿੰਹੁ ਨੂੰ,
ਭਾਗ ਸਿੰਘ ਤੇ ਭਾਈ ਸੁਨਾਂਵਦਾ ਸੀ।

ਥਾਨੇਦਾਰ ਮੇਹਰ ਸਿੰਹ ਨੇ ਸਿੰਘਾਂ ਨੂੰ ਕਿਹਾ ਕਿ ਜੋ ਰਿਆਸਤ ਨਾਭੇ ਦਾ ਅਕਾਲੀ ਹੈ ਐਸ ਵਕਤ ਜਾਣਾ ਹੋ ਤੋ ਜਾ ਸਕਤਾ ਹੈ ਦਸ ਮਿੰਟ ਕੇ ਅੰਦਰ ੨ ਨਹੀਂ ਤੋ ਆਪ ਲੋਗੋਂਕੇ ਗਿਰਦਾ ਗਿਰਦ ਫੌਜਾਂ ਪਹਿਰਾ ਲਗਾਇਆ ਜਾਇਗਾ ਲੇਕਨ ਅੰਨ ਪਾਣੀ ਭੀ ਨਹੀਂ ਦੀਆ ਜਾਇਗਾ ਪ੍ਰੰਤੂ ਈਸ਼ਰ ਸਿੰਘ ਮਝੈਲ ਨੇ ਜਵਾਬ ਦੀਆ।

ਈਸ਼ਰ ਸਿੰਘ ਮਝੈਲ ਨੇ ਕਿਹਾ ਓਨੂ,
ਤੁਸੀ ਆਪਣਾ ਹੁਕਮ ਬਜਾ ਦੇਓ।
ਅਸੀ ਵਿਚ ਦੀਵਾਨ ਦੇ ਜਾਵਸਾਂਗੇ,
ਭਾਵ ਗੋਲੀਆਂ ਮਾਰ ਉੜਾ ਦੇਓ।
ਨੰਗੇ ਧੜ ਤੇ ਕੇਸਾਂ ਨੂੰ ਏਨ ਰਸੇ,
ਭਾਵੇਂ ਬਿਰਛਾਂ ਦੇ ਨਾਲ ਲਟਕਾ ਦੇਓ।
ਭਾਵੇਂ ਵਿਚ ਨਨਕਾਣੇ ਨਰੈਣੂ ਵਾਂਗੂ,

ਜੀਉਂਦੇ ਅਗ ਦੇ ਵਿਚ ਜਲਾ ਦੇਓ।
ਅਸਾਂ ਧਰਮ ਨੂੰ ਪਿਨ ਨਾ ਮੂਲ ਦੇਣੀ,
ਭਾਵੇਂ ਪੁਠੀਆਂ ਖਲਾਂ ਲੁਹਾ ਦੇਓ।
ਬੋਟੀ ੨ ਕਰ ਅਸਾਂ ਦੀ ਭਾਗ ਸਿੰਘਾ,
ਭਾਵੇਂ ਕੁਤਿਆਂ ਦੇ ਅਗੇ ਪਾ ਦੇਓ।

ਜਿਸਤਰਾਂ ਨਨਕਾਣੇ ਸਾਹਿਬ ਮਹੰਤ ਨਰੈਣੂ ਨੇ ਸਾਡੇ ਪਿਆਰੇ ਵੀਰ ਭਾਈ ਦਲੀਪ ਸਿੰਘ ਜੀ ਦਾ ਸੀਸ ਤੁਲਵਾਰ ਨਾਲ ਕਟਕੇ ਅਤੇ ਕੇਸਾਂ ਤੇ ਫੜਕੇ ਘੋੜੇ ਤੇ ਅਸਵਾਰ ਹੋਕੇ ਗਲੀ ੨ ਫੇਰਿਆ ਸੀ ਅਤੇ ਕਿਹਾ ਸੀ ਮੈਂ ਅਜ ਵੈਰੀ ਦਾ ਸਿਰ ਲਿਆ ਹੈ ਅਤੇ ਰਜ ਰੋਟੀ ਖਾਦੀ ਹੈ ਸਾਡੇ ਨਾਲ ਓਸ ਤਰਾਂ ਭੀ ਹੋ ਜਾਵੇ ਤੇ ਲਛਮਣ ਸਿੰਘ ਜੇਹੇ ਵੀਰਾਂ ਵਾਂਗੂ ਭੱਠੀਆਂ ਵਿਚ ਜੀਉਂਦਿਆਂ ਨੂੰ ਸੁਟਿਆ ਜਾਵੇ ਲੇਕਨ ਅਸੀ ਅਪਨੇ ਧਰਮ ਨੂੰ ਅਤੇ ਪੰਥ ਦੀ ਆਨ ਤੇ ਸ਼ਾਨ ਰਖਦੇ ਹੋਏ ਗੋਲੀਆਂ ਦੇ ਨਸ਼ਾਨੇ ਬਣ ਜਾਵਾਂਗੇ ਲੇਕਨ ਦੀਵਾਨ ਦੇ ਵਿਚ ਜਾਵਾਂਗੇ ਅਖੰਡ ਪਾਠ ਦੁਬਾਰਾ ਰਖਾਂਗੇ।

ਭਾਈ ਈਸ਼ਰ ਸਿੰਘ ਨੇ ਸਿੰਘਾਂ ਨੂੰ ਬੇਨਤੀ ਕਰਨੀ

ਸੋਹਣੇ ਵੀਰਾਂ ਦੇ ਅਗੇ ਹੈ ਅਰਜ ਮੇਰੀ,

ਸਿਖੀ ਰਖਕੇ ਅਜ ਵਿਖਾਦਿਓ।
ਜੇਕਰ ਸਿੰਘ ਹੋ ਨਿਤਰੋ ਸ਼ੇਰ ਬਣਰੇ,
ਨਾਲ ਜਾਬਰਾਂ ਮੋਰਚਾ ਲਾ ਦਿਓ।
ਏਹਨਾਂ ਕੈਦ ਕੀਤਾ ਡੇਰਾਦੂਨ ਨਾਭਾ,
ਸੂਰੇ ਹੋ ਤਾਂ ਤਖਤ ਬਠਾਦਿਓ।
ਲੜੋ ਸੂਰਿਓ ਧਰਮ ਦੇ ਹੇਤ ਆਰੇ,
ਅਤੇ ਖੜੇ ਹੀ ਸੀਸ ਕਟਵਾਦਿਓ।
ਖਾੜ ੨ ਜੇਕਰ ਅਗੋ ਚਲੇ ਗੋਲੀ,
ਹਸ ਹਸ ਕੇ ਛਾਤੀਆਂ ਡਾਹ ਦਿਓ।
ਪਤਾ ਲਗ ਜਾਵੇ ਏਨ੍ਹਾਂ ਜਾਬਰਾਂ ਨੂੰ,
ਧੂੰਮਾਂ ਵਿਚ ਜਹਾਨ ਦੇ ਪਾ ਦਿਓ।
ਮਨੀ ਸਿੰਘ ਪਿਆਰੇ ਨੂੰ ਯਾਦ ਕਰਕੇ,
ਤੁਸੀ ਬੰਦੋ ਹੀ ਬੰਦ ਕਟਵਾਦਿਓ।
ਤਾਰੂ ਸਿੰਘ ਦੀ ਫੜੋ ਖਾਂ ਰੀਤ ਭਾਈ,
ਚਰਖੀ ਚੜ੍ਹ ਤਨ ਚੂਰ ਕਰਾਦਿਓ।
ਫੜਕੇ ਸ਼ਾਂਤੀ ਦੀ ਤਲਵਾਰ ਭਾਈ,
ਅੱਜ ਦੁਸ਼ਮਣਾਂ ਤਾਂਈ ਭਜਾਦਿਓ।
ਧੋਖੇ ਨਾਲ ਫਰੇਖਤਾ ਕਰਨ ਜੇਹੜੇ,

ਓਹਨਾਂ ਜਾਬਰਾਂ ਮੁਆਮਲੇ ਪਾ ਦਿਓ ।
ਰਹਿਣਾ ਚੰਗਾ ਨਹੀਂ ਸਦਾ ਗੁਲਾਮ ਬਣਕੇ;
ਰੌਲਟ ਬਿਲ ਦੇ ਤਾਂਈਂ ਭੁਲਾਦਿਓ ।
ਖੂਨ ਡੋਲ੍ਹਕੇ ਜੈਤੋ ਦੇ ਵਿਚ ਭਾਈ,
ਗੰਗਸਰ ਆਜ਼ਾਦ ਕਰਾ ਦਿਓ ।
ਸਿੰਘੋ ਸੂਰਿਓ ਏਥੇ ਕੁਰਬਾਨ ਹੋਜੋ,
ਬਚੇ ੨ ਦਾ ਗਲਾ ਕਟਾ ਦਿਓ ।
ਦੁਨੀਆਂ ਆਨ ਵੇਖੇ ਨਾਭਾ ਗਦੀ ਬੈਠੇ,
ਅਤੇ ਗਦੀ ਬਠਾ ਵਿਖਾਦਿਓ ।
ਉਕੀ ਗਲ ਮੁਕਾਦੇ ਭਾਗ ਸਿੰਘਾ,
ਜਿੰਨੇ ਲਗਣਗੇ ਸੀਸ ਲਗਾਦਿਓ ।

### ਸਿੰਘਾਂ ਨੂੰ ਚਰੰਜੀ ਲਾਲ ਦੀ ਸਰਾਂ ਵਿਚ ਲੈ ਜਾਣਾ

ਸੁਪ੍ਰੰਡੰਟ ਤੇ ਮੇਹਰ ਸਿੰਹ ਦਾਰ ਥਾਨੇ,
ਸਾਰੇ ਜਥੇ ਨੂੰ ਤੋਰ ਲਿਆਂਵਦੇ ਨੇ ।
ਚਰੰਜੀ ਲਾਲ ਦੀ ਵਿਚ ਸਰਾਂ ਜਾਕੇ,
ਧਰਮੀ ਸਿੰਘਾਂ ਨੂੰ ਦਾਖਲ ਕਰਾਂਵਦੇ ਨੇ।
ਸੁਪ੍ਰੰਡੰਟ ਅਤੇ ਥਾਨੇਦਾਰ ਧਾਰੇ,

ਖੜੇ ਸਿੰਘਾਂ ਤੋਂ ਨਾਮ ਪੁਛਾਂਵਦੇ ਨੇ।
ਜਰਾ ਦੱਸਦੇ ਖੋਲਕੇ ਭਾਗ ਸਿੰਘਾ,
ਸਿੰਘ ਕਿਸਤਰਾਂ ਨਾਮ ਬਤਾਂਵਦੇ ਨੇ

ਸਿੰਘਾਂ ਨੇ ਨਾਮ ਦਸਣੇ

ਕਿਸੇ ਆਖਿਆ ਮੋਰਚੇ ਤੋੜ ਹਾਂ ਮੈਂ,
ਜੜ ਪੁਟ ਹੀ ਕੋਈ ਬਤਾਂਵਦਾਏ।
ਕੋਈ ਕਹਿ ਕੜ ਤੋੜ ਸਿੰਘ ਨਾਮ ਮੇਰਾ,
ਕੋਈ ਦਿਲੀ ਹੀ ਤੋੜ ਜਤਾਂਵਦਾਏ।
ਇਕ ਆਖਦਾ ਬੇ ਅਰਾਮ ਸਿੰਘ,
ਖੋਲ ਖੋਲਕੇ ਨਾਮ ਬਤਾਂਵਦਾਏ।
ਲੈਣਾ ਨਹੀਂ ਅਰਾਮ ਨਾ ਲੈਣ ਦੇਣਾ,
ਨਹੀਂ ਖੇਡਣਾ ਖੇਡ ਹਟਾਂਵਦਾਏ।
ਕੋਈ ਕਹੇ ਮੈਂ ਲੰਦਨ ਤੋੜ ਸਿੰਘ,
ਵਲੈਤ ਰੋੜ੍ਹ ਹੀ ਕੋਈ ਫੁਰਮਾਂਵਦਾਏ।
ਮੇਰਾ ਨਾਮ ਤਾਂ ਹੈ ਦੀਵਾਨ ਜਾਣਾ,
ਭਾਗ ਸਿੰਘ ਸੀ ਕੋਈ ਅਲਾਂਵਦਾਏ।

ਸਿੰਘਾਂ ਦੇ ਨਾਮ ਲਿਖੇ ਤੋਂ ਬਾਦ ਸੁਪ੍ਰਿੰਟ
ਨੇ ਸਿੰਘਾਂ ਨੂੰ ਕਿਹਾ ਭਾਈ ਜੀ ਆਪਦਾ
ਚਲਾਣ ਨਾਭੇ ਹੈ ਆਪ ਸਟੇਸ਼ਨ ਨੂੰ ਚਲੋ ਸਿੰਘ

ਚਾਈ ੨ ਤਿਆਰ ਹੋ ਗਏ ਅਤੇ ਜਥੇਦਾਰ ਨੇ ਕਿਹਾ ਖਾਲਸਾ ਜੀ ਹਾਲੇ ਲੇਟ ਜਾਓ ਸਿੰਘ ਆਪੋ ਆਪਣੇ ਜਗਾ ਲੇਟ ਗਏ ਤੇ ਜਥੇਦਾਰ ਨੇ ਸੁਪ੍ਰਿੰਡੰਟ ਨੂੰ ਪੁਛਿਆ ਕੇ ਅਪਨੇ ਸਾਨੂੰ ਗਿਰਫਤਾਰ ਕੀਤਾ ਹੈ ਸੁਪ੍ਰਿੰਡੰਟ ਐਸ ਵਕਤ ਤੁਸੀ ਗਿਰਫਤਾਰ ਹੋ ਜਥੇਦਾਰ ਪਰਸ਼ਾਦੇ ਛਕਾਓ ਸੁਪ੍ਰਿੰਡੰਟ ਪਰਸ਼ਾਦੇ ਸਟੇਸ਼ਨ ਤੇ ਮਿਲਣਗੇ ਜਥੇਦਾਰ ਪ੍ਰਸ਼ਾਦੇ ਛਕੇ ਬਿਨਾ ਨਹੀਂ ਜਾਸਕਦੇ ਸੁਪ੍ਰਿੰਟੈਂਟ ਗਾਡੀਮੇਂ ਥੋੜੀਦੇਰ ਹੈ ਬਣ ਨਹੀਂ ਸਕਤੇ ਜਥੇਦਾਰ ਜੇਕਰ ਬਣ ਨਹੀਂ ਸਕਤੇ ਤਾਂ ਫੀ ਆਦਮੀ ਦੋ ਆਨੇ ਹਸਾਬ ਕਰ ਟਕੇ ਦੇਓ ਸੁਪ੍ਰਿੰਡੰਟਨੇ ੬ ਰੁਪਏ ਛੇ ਆਨੇ ੫੧ ਸਿੰਘਾਂ ਦੇ ਦਿਤੇ ਸਿੰਘ ਖੁਸ਼ੀਆਂ ਨਾਲ ਸਟੇਸ਼ਨ ਪੁਜੇ ਤੇ ਚਰੰਜੀ ਲਾਲ ਮਹਾਜਨ ਨੇ ਪ੍ਰਸ਼ਾਦੇ ਛਕਾਏ ਅਤੇ ਬਦਾਮ ਦਿਤੇ ਰਾਤ ਦੇ ਦਸ ਵਜੇ ਗਡੀ ਚੜੇ ੨ ਵਜੇ ਨਾਭੇ ਪੁਜੇ ਤੇ ਸਰਾਂ ਵਿਚ ਬਠਾਇਆ ਗਿਆ ਦਿਨ ਚੜਿਆ ਤੇ ਜੇਹਲ ਵੱਨੀ ਔਂਦਿਆਂ ਹੋਇਆ ਬਜਾਰ ਵਿਚ ਦੀ ਲੈਕਚਰ ਦੇਣਾ।

ਜਾਬਰ ਜੁਲਮ ਕਰਨੇ ਨਹੀਂ ਮੂਲ ਰਹਿੰਦੇ,
ਐਪਰ ਅਸੀ ਵੀ ਬਸ ਨਾ ਰਹਾਵਸਾਂਗੇ।
ਤੁਸਾਂ ਕੈਦ ਕੀਤਾ ਡੇਰਾਦੂਨ ਨਾਭਾ,

ਅਸੀ ਜਾਬਰੋ ਤਖਤ ਬਹਾਵਸਾਂਗੇ।
ਮਰ ਮਿਟਾਂਗੇ ਆਪਣੇ ਸ਼ਾਨ ਬਦਲੇ,
ਐਪਰ ਸਿਖੀ ਨੂੰ ਦਾਗ ਨਾ ਲਾਵਸਾਂਗੇ।
ਬਚੇ ਬਚੇ ਦਾ ਗਲਾ ਕਟਾਵਸਾਂਗੇ,
ਐਪਰ ਨਾਭੇ ਨੂੰ ਗਦੀ ਬਠਾਵਸਾਂਗੇ।
ਰਿਪਦਮਨ ਸਿੰਘ ਨੂੰ ਗਦੀ ਬਹਾਲ ਦੇਣਾ,
ਬਚੇ ਬਚੇ ਦਾ ਗਲਾ ਕਟਾਵਸਾਂਗੇ।
ਖਾਤਰ ਧਰਮ ਦੀ ਜੇਕਰ ਮਿਲੇ ਫਾਂਸੀ,
ਹਸ ਹਸਕੇ ਅਸੀ ਚੜ ਜਾਵਸਾਂਗੇ।
ਤੁਸੀ ਮਾਣ ਕਰਦੇ ਪਏ ਗੋਲੀਆਂ ਦਾ,
ਸਤਿਨਾਮ ਦੇ ਬੰਬ ਚਲਾਵਸਾਂਗੇ।
ਜੀਊਣਾ ਕੂੜ ਓਏ ਜਗ ਤੇ ਭਾਗ ਸਿੰਘਾ,
ਭਲਾ ਸੋਈ ਲੈ ਨੇਕੀ ਮਰਜਾਵਸਾਂਗੇ।

ਤਥਾ

ਹੈ ਓਏ ਪਾਪੀਓ ਨਾਭੇ ਦੇ ਅਹਲਕਾਰੋ,
ਕਿਡੇ ਕਿਡੇ ਓਏ ਜੁਲਮ ਕਮਾਏ ਤੁਸੀਂ।
ਹਤਿਆਰਿਓ ਤਰਸ ਨਾ ਮੂਲ ਆਇਆ,
ਹਥੀ ਦਿਤਾ ਕਿਵੇਂ ਨਾਭਾ ਫੜਾਏ ਤੁਸੀ

ਜੌਹਦੇ ਸਿਰ ਉਤੇ ਮੌਜਾ ਮਾਣਦੇ ਸੀ,
ਧੋਖੇ ਓਸਦੇ ਨਾਲ ਕੁਮਾਏ ਤੁਸੀ।
ਧੋਖੇ ਬਾਜ ਹਰਾਮੀਓ ਐਹਲਕਾਰੋ,
ਧਰਮੀ ਰਾਜੇ ਨੂੰ ਮੁਆਮਲੇ ਪਾਏ ਤੁਸੀ।
ਰਿਆਸਤ ਓਸਦੀ ਨੂੰ ਹੁਣ ਪੁਟਣ ਲਗੇ,
ਸੂਨੀ ਦੇਖ ਖੇਤੀ ਟਕ ਲਾਏ ਤੁਸੀ
ਜਾਣੀ ਮੁੜਕੇ ਨਾ ਨਾਭੇ ਨੂੰ ਫੇਰ ਔਨੇ,
ਬੈਠੇ ਦਿਲਾਂ ਤੇ ਫਿਕਰ ਚੁਕਾਏ ਤੁਸੀ।
ਵਾਹ ਵਾਹ ਵਜੀਰ ਹੋ ਨਾਭੇ ਸੰਦੇ,
ਦਰਦੀ ਹੋਇਕੇ ਦੁਖ ਵੰਡਾਇ ਤੁਸੀ।
ਸੋਹਣੀ ਇੱਜਤ ਸੀ ਬਣੀ ਚੰਗੀ ਭਾਗ ਸਿੰਘਾ,
ਹਥੀ ਆਪਣੀ ਬੈਠੇ ਗੁਵਾਏ ਤੁਸੀ।

ਐਜਨ

ਨਾਭੇ ਵਾਸੀਓ ਓਏ ਹੁਣ ਤਾਂ ਜਾਗ ਉਠੋ,
ਸਮੇਂ ਗੁਜਰ ਗਏ ਨੀਂਦਰਾਂ ਆਈਆਂ ਨੂੰ।
ਏਹਨਾ ਜਾਬਰਾਂ ਚਾਲ ਅਯੋਗ ਖੇਡੀ,
ਅਡੋ ਫਾਟ ਕੀਤਾ ਦੋਹਾਂ ਭਾਈਆਂ ਨੂੰ।
ਹਤਿਆਰਿਓ ਤਰਸ ਨਾ ਮੂਲ ਆਇਆ,

ਨਾਭਾ ਕਿਵੇਂ ਫੜਾਇਆ ਕਸਾਈਆਂ ਨੂੰ।
ਪਿਆਰਾ ਬਣਕੇ ਨਸ ਗਿਉ ਭਾਗ ਸਿੰਘਾ,
ਦਿਲਾ ਧਿਰਗ ਮਹੱਬਤਾਂ ਪਾਈਆਂ ਨੂੰ।

ਤਥਾ

ਨਿਹੁੜਾ ਲਾਇਕੇ ਨਾਲ ਪਿਆਰਿਆਂ ਦੇ,
ਚਿਤ ਸਜਣਾਂ ਦੇ ਵਲੋਂ ਦੂਰ ਕੀਤੋ।
ਜਾਕੇ ਪੁਛ ਰਿਪਦੰਮਨ ਦੇ ਦਿਲ ਕੋਲੋਂ,
ਸੀਨਾ ਉਸਦਾ ਭੁੰਨ ਮਨੂਰ ਕੀਤੋ
ਦਿਲਾ ਧਿਰਗ ਮਹੱਬਤਾਂ ਪਾਈਆਂ ਨੂੰ,
ਪਿਆਰੇ ਵੀਰ ਦਾ ਦੁਖ ਨਾ ਦੂਰ ਕੀਤੋ।
ਦਰਦੀ ਬਣਕੇ ਸੱਜਣਾਂ ਪਿਆਰਿਆਂ ਦਾ,
ਪਈਆਂ ਭੀੜਾਂ ਤੇ ਚਿਤ ਮਗਰੂਰ ਕੀਤੋ।
ਸਗੋਂ ਘਰ ਨੂੰ ਤੰਗਲੀ ਲਾਈ ਪਿਛੋਂ,
ਅਤੇ ਆਪਣਾ ਨਾਮ ਮਸ਼ਹੂਰ ਕੀਤੋ।
ਕਬਜਾ ਆਨ ਕੀਤਾ ਉਤੇ ਜਾਬਰਾਂ ਨੇ,
ਮਾਲੀ ਚਮਨ ਦਾ ਪਕੜਕੇ ਦੂਰ ਕੀਤੋ।
ਗੁੱਡੀ ਚੜ੍ਹੀ ਰਿਪਦੰਮਨ ਦੀ ਬਹੁਤ ਉਚੀ,
ਡੋਰ ਕਟਕੇ ਚਕਨਾ ਚੂਰ ਕੀਤੋ।

ਫਟੇ ਦਿਲਾਂ ਤੇ ਨਿਮਕ ਛਿੜਕਾਏ ਛੱਡੇ,
ਭਾਗ ਸਿੰਘ ਦਾ ਦਿਲ ਤੰਦੂਰ ਕੀਤੋ।

ਪ੍ਰਚਾਰ ਕਰ ੨ ਸਿੰਘ ਜੇਹਲਖਾਨੇ ਦੀਵਾਰ
ਅਗੇ ਪੁਜੇ

ਜੇਹਲਖਾਨੇ ਦੇ ਪੁਜ ਗਏ ਬਾਰੀ ਅੱਗੇ,
ਓਥੇ ਸ਼ੁਰੂ ਕਰਤਾ ਪ੍ਰਚਾਰ ਭਾਈ।
ਦਸ ਵਜੇ ਤੋਂ ਲਾਇਕੇ ਇਕ ਤਾਂਈਂ,
ਓਥੇ ਦੀਆ ਸੀ ਵਕਤ ਗੁਜਾਰ ਭਾਈ।
ਸਾਡੇ ਕੋਲ ਹੀ ਸੀ ਗਿਰਫਤਾਰ ਕੀਤੇ,
ਕਈ ਨਾਭੇ ਦੇ ਸੀ ਅਹਿਲਕਾਰ ਭਾਈ।
ਈਸ਼ਰ ਸਿੰਘ ਮਜੈਲ ਨੇ ਭਾਗ ਸਿੰਘਾ,
ਦਿਤਾ ਖੋਲਕੇ ਦਸ ਨਿਤਾਰ ਭਾਈ।

ਵਾਕ ਕਵੀਸ਼ਰ

ਇਕ ਇਕ ਨੂੰ ਸਦਕੇ ਜਾਬਰਾਂ ਨੇ,
ਲਿਆ ਬੂਹਿਓਂ ਅੰਦਰ ਬਲਾ ਭਾਈ।
ਪੈਸਾ ਟਕਾ ਸੀ ਲੈਕੇ ਜਮਾਂ ਕੀਤਾ,
ਅਤੇ ਲਈਆਂ ਕ੍ਰਿਪਾਨਾਂ ਭੀ ਲਾਹ ਭਾਈ।
ਕਲਗੀਧਰ ਦੇ ਸੁਤ ਦੁਲਾਰਿਆਂ ਨੂੰ,

45

ਦਿਤਾ ਜੇਹਲ ਦੇ ਵਿਚ ਪੁਚਾ ਭਾਈ।
ਨਾਮ ਪੁਛਕੇ ਸਿੰਘਾਂ ਦੇ ਭਾਗ ਸਿੰਘਾ,
ਲੀਏ ਕਾਗਜ ਤੇ ਦਰਜ ਕਰਾ ਭਾਈ।

ਵਾਕ ਕਵੀ

ਲੰਗਰ ਲਿਆਕੇ ਤੇ ਪੁਲਸ ਅਫਸਰਾਂ ਨੇ,
ਜੇਹਲਖਾਨੇ ਦੇ ਵਿਚ ਛਕਾਇਆ ਸੀ।
ਲੰਗਰ ਛਕਦੇ ਸਾਰ ਹੀ ਖਾਲਸੇ ਨੇ,
ਜੈਕਾਰੇ ਨੂੰ ਸ਼ੁਰੂ ਕਰਾਇਆ ਸੀ।
ਪੁਲਸ ਅਫਸਰਾਂ ਆਖਿਆ ਖਾਲਸਾ ਜੀ,
ਛਡੋ ਨਾ ਜੈਕਾਰਾ ਫੁਰਮਾਇਆ ਸੀ।
ਸਿੰਘਾਂ ਏਸ ਰੁਕਾਵਟ ਨਾਹ ਕੀਤੀ,
ਪੁਲਸ ਹੋਰ ਹੀ ਢੰਗ ਚਲਾਇਆ ਸੀ।
ਪੁਲਸ ਆਖਿਆ ਸਜ਼ਾ ਸਣੌਨੀ ਥੋਨੂੰ,
ਚਲੋ ਵਿਚ ਕਚੈਹਰੀ ਬਤਾਇਆ ਸੀ।
ਕਮਰ ਕਸੇ ਲਗਾਇਕੇ ਖਾਲਸੇ ਨੇ,
ਚਾਲਾ ਤਰਫ ਕਚੈਹਰੀਦੇ ਪਾਇਆ ਸੀ।
ਚਾਲ ਖੋਡਕੇ ਜਾਬਰਾਂ ਦੇ ਧੋਖਾ,
ਹਵਾਲਾਤ ਦੇ ਵਿਚ ਪੁਚਾਇਆ ਸੀ।

ਬਾਰਾਂ ਵਜੇ ਸੀ ਰਾਤ ਦੇ ਭਾਗ ਸਿੰਘਾ,

ਥਾਨੇਦਾਰ ਨੇ ਹੁਕਮ ਸੁਣਾਇਆ ਸੀ।

ਬਾਰਾਂ ਵਜੇ ਦਾ ਵਕਤ ਸੀ ਆਨ ਹੋਇਆ,

ਥਾਨੇਦਾਰ ਗੁਰਦੇਵ ਸਿੰਘ ਆਂਵਦਾਏ।

ਨੰਦ ਸਿੰਘ ਨਾਵੇਂ ਜਥੇਦਾਰ ਤਾਈਂ,

ਛੇਤੀ ਆਇਕੇ ਹੁਕਮ ਸੁਣਾਂਵਦਾਏ।

ਅੰਬਾਲੇ ਸ਼ੈਹਰ ਦਾ ਹੋਇਆ ਚਲਾਨ ਥੋੜਾ,

ਜਥੇਦਾਰ ਦੇ ਤਾਈਂ ਫੁਰਮਾਂਵਦਾਏ।

ਜਥੇਦਾਰ ਨੇ ਮੰਨਕੇ ਸੀਸ ਉਤੇ,

ਸਾਰੇ ਸਿੰਘਾਂ ਦੇ ਤਾਂਈਂ ਬਤਾਂਵਦਾਏ।

ਕਮਰਕਸੇ ਲਗਾ ਲਵੇ ਖਾਲਸਾ ਜੀ,

ਗੁਰੂ ਅੰਬਾਲੇ ਦਾ ਸੈਰ ਕਰਾਂਵਦਾਏ।

ਜਥਾ ਤੋਰਕੇ ਤੇ ਓਥੋਂ ਭਾਗ ਸਿੰਘਾ,

ਥਾਨੇਦਾਰ ਲੈ ਸਟੇਸ਼ਨ ਤੇ ਆਂਵਦਾਏ।

ਤਥਾ

ਦੋ ਵਜੇ ਦੀ ਗਡੀ ਚ ਬੰਦ ਕਰਕੇ,

ਰਾਜਪੁਰੇ ਦੇ ਸਟੇਸ਼ਨ ਤੇ ਲੈ ਗਏ ਨੇ।

ਕ੍ਰਿਪਾਨਾਂ ਦੇਕੇ ਧਰਮ ਦੇ ਪੂਰਿਆਂ ਨੂੰ,

47

ਵਾਰ ਪਤਰਾ ਪਿਛਾਹ ਨੂੰ ਵਹਿਗਏ ਨੇ।
ਮੁਆਫੀ ਬਖਸ਼ਣੀ ਜੇ ਸਾਨੂੰ ਖਾਲਸਾ ਜੀ,
ਗਡੀ ਚੜ੍ਹ ਜਾਂਦੇ ਏਹੋ ਕਹਿ ਗਏ ਨੇ।
ਫੜ ੨ ਕੇ ਦੌੜਦੀ ਫਿਰੇ ਜੇਹੜੀ,
ਨੌਕਰ ਸ਼ਾਹੀ ਨੂੰ ਮੁਆਮਲੇ ਪੈਗਏ ਨੇ।

ਸਿੰਘਾਂ ਨੇ ਜੈਤੋ ਨੂੰ ਵਹੀਰਾਂ ਘਤਣੀਆਂ

ਸਿੰਘ ਸੋਦ ਅਰਦਾਸੇ ਨੂੰ ਖਾਲਸਾ ਜੀ,
ਮੂੜ ਜੈਤੋ ਵੰਨੀਂ ਚਾਲੇ ਪਾਂਵਦੇ ਨੇ।
ਰਸਤੇ ਔਂਦਿਆਂ ਨਗਰ ਨਿਵਾਸੀਆਂ ਨੂੰ,
ਅਤੇ ਖੂਬ ਪ੍ਰਚਾਰ ਸੁਣਾਂਵਦੇ ਨੇ।
ਸਿੰਘ ਮੰਜਲੋ ਮੰਜਲੀ ਪਹੁੰਚ ਗਏ,
ਜੈਤੋ ਆਏ ਜੈਕਾਰ ਬੁਲਾਂਵਦੇ ਨੇ।
ਐਸੇ ਤਰਾਂ ਹੀ ਹੋਰ ਵੀ ਭਾਰੀ ਸਿੰਘਾ,
ਜਥੇ ਦੂਰ ਥੀਂ ਚਲਕੇ ਆਂਵਦੇ ਨੇ।

ਵਾਕ ਕਵੀ

ਐਸੇ ਤਰਾਂ ਹੀ ਪਕੜਕੇ ਜਥਿਆਂ ਨੂੰ,
ਰਾਜਪੁਰੇ ਦੇ ਵੰਨੀ ਲੈ ਜਾਂਵਦੇ ਰਹੇ।
ਹਰ ਰੋਜ ਜਥਾ ਗਿਰਫਤਾਰ ਕਰਕੇ,

ਰਾਜ ਪੂਰੇ ਛਡਕੇ ਮੁੜ ਆਂਵਦੇ ਰਹੇ।
ਐਸੇ ਤਰਾਂ ਹੀ ਗੁਰੂ ਦੇ ਲਾਲ ਸੋਹਣੇ,
ਮੁੜੇ ਔਂਦੇ ਪ੍ਰਚਾਰ ਸੁਣਾਂਵਦੇ ਰਹੇ।
ਭਾਗ ਸਿੰਘ ਸੀ ਭਾਦਰੋ ਗਿਆ ਪੱਚੀ,
ਨੌਕਰਸ਼ਾਹੀ ਏਹ ਚਾਲ ਚਲਾਂਵਦੇ ਰਹੇ।

### ਸ੍ਰੋਮਣੀ ਕਮੇਟੀ ਦਾ ਐਲਾਨ

ਦਿਤਾ ਹੁਕਮ ਕਮੇਟੀ ਸਰੋਮਣੀ ਨੇ,
ਸਿੰਘੋ ਵਕਤ ਸ਼ਹੀਦੀਆਂ ਪੌਣ ਵਾਲੇ।
ਆਓ ਨਿਤਰੋ ਖਾਲਸਾ ਸੂਰ ਬੀਰੋ,
ਖਾਤਰ ਧਰਮ ਦੀ ਗਲਾ ਕਟੌਨ ਵਾਲੇ।
ਚਾਲੇ ਪਾ ਦੇਓ ਸ੍ਰੀ ਮੁਕਤਸਰ ਨੂੰ,
ਜੇਹੜੇ ਆਪਨੇ ਸਿਖ ਕਹੌਨ ਵਾਲੇ।
ਸਮਾਂ ਬੀਤਿਆ ਫੇਰ ਹਥਿਆਉਣਾ ਨਹੀਂ,
ਹਥੋ ਨਹੀਂ ਏ ਜਿੱਤ ਗਵੌਣ ਵਾਲੇ।
ਗੰਗਸਰ ਜੀ ਧਾਮ ਆਜ਼ਾਦ ਕਰਨਾ,
ਆਓ ਸੂਰਿਓ ਸੀਸ ਲਗੌਣ ਵਾਲੇ।
ਪਈ ਅਤਿਆਚਾਰ ਦੀ ਅਗ ਭੜਕੇ,
ਖ਼ੂਨ ਆਪਣਾ ਡੋਲ੍ਹ ਬੁਝੌਣ ਵਾਲੇ।

ਮੁਕਤਸਰ ਸੀ ਮੁਕਤੀ ਦਾ ਘਰ ਭਾਈ,
ਸਿੰਘ ਪੁਜ ਗਏ ਮੁਕਤੀਆਂ ਪੌਣ ਵਾਲੇ।
ਆਏ ਦੂਰ ਥੀ ਚਲਕੇ ਭਾਗ ਸਿੰਘਾ,
ਪਾਠਕ ਸੀ ਗੁਰ ਬਾਣੀਆਂ ਗੌਣ ਵਾਲੇ।

### ਪੰਥ ਨੇ ਗਰਮਤਾ ਪਾਸ ਕਰਕੇ ਪੱਚੀ ਸਿੰਘਾਂ ਦਾ ਜਥਾ ਜੈਤੋ ਨੂੰ ਭੇਜਣਾ

ਪੱਚੀ ਸਿੰਘਾ ਦਾ ਜਥਾ ਤਿਆਰ ਕੀਤਾ,
ਜੈਤੋ ਮੋਰਚੇ ਤਾਂਈਂ ਪਚਾਵਣੇ ਨੂੰ।
ਗੁਰਦੁਵਾਰਾ ਹੈ ਸ੍ਰੀ ਦਸਮੇਸ ਜੀ ਦਾ,
ਗੰਗਸਰ ਦੇ ਦਰਸ਼ਨ ਪਾਵਣੇ ਨੂੰ।
ਖੰਡਨ ਕੀਤਾ ਹੈ ਪਾਠ ਦਾ ਜਾਬਰਾਂ ਨੇ,
ਸਿੰਘ ਚਲੇ ਅਖੰਡ ਕਰਾਵਣੇ ਨੂੰ।
ਦਰਸ਼ਨ ਕਰਕੇ ਗੁਰਾਂ ਦੇ ਧਾਮ ਵਾਲੇ,
ਜਨਮ ਆਪਣਾ ਸਫਲ ਕਰਾਵਣੇ ਨੂੰ।
ਘੇਰਾ ਪਾ ਬੈਠਾ ਉਤੇ ਨੌਕਰਸ਼ਾਹੀ,
ਸਿੰਘ ਚਲੇ ਆਜਾਦ ਕਰਾਵਣੇ ਨੂੰ।
ਜਥੇਦਾਰ ਖੜਾ ਹੋਇਆ ਭਾਗ ਸਿੰਘਾ,
ਵੈਰਾਂ [illegible] ਤਾਈਂ ਤੁੜਾਵਣੇ ਨੂੰ।

### ਜਥੇਦਾਰ

ਜਥੇਦਾਰ ਨੇ ਆਖਿਆ ਖਾਲਸਾ ਜੀ,
ਸ਼ਾਂਤਮਈ ਨਾਂ ਦਿਲੋਂ ਭੁਲਾਇਆ ਜੇ।
ਵਰਖਾ ਡਾਂਗਾਂ ਦੀ ਜੇਕਰ ਹੋਣ ਲੱਗੇ,
ਸਚੇ ਗੁਰੂ ਦਾ ਨਾਮ ਧਿਆਇਆ ਜੇ।
ਕਾੜ ਕਾੜ ਜੇ ਪਾਪੀ ਚਲੌਣ ਗੋਲੀ,
ਤੁਸੀ ਵਾਹਿਗੁਰੂ ਬੰਬ ਚਲਾਇਆ ਜੇ।
ਸ਼ਾਂਤਮਈ ਸ਼ਮਸ਼ੇਰ ਨੂੰ ਹਥ ਫੜਕੇ,
ਖੂਬ ਜੰਗ ਦੇ ਵਿਚ ਛਣਕਾਇਆ ਜੇ।
ਪਿਛੇ ਪਰਤਨਾ ਕੰਮ ਨੀ ਸੂਰਿਆਂ ਦਾ,
ਕਿਤੇ ਸਿਖੀ ਨੂੰ ਦਾਗ ਨਾ ਲਾਇਆ ਜੇ।
ਜੇਕਰ ਅਤੀ ਹੀ ਔਕੜਾਂ ਔਣ ਸਿਰਤੇ,
ਤੇ ਅਕਾਲ ਅਕਾਲ ਗਜਾਇਆ ਜੇ।
ਜਾਬਰ ਜਬਰ ਦੀਆਂ ਗੋਲੀਆਂ ਪਏ ਛਡਣ,
ਤੁਸੀ ਸਬਰ ਦੇ ਬਾਣ ਚਲਾਇਆ ਜੇ।
ਖੂਨ ਡੋਲਕੇ ਆਪਣਾ ਭਾਗ ਸਿੰਘਾ,
ਗੰਗਸਰ ਆਜ਼ਾਦ ਕਰਾਇਆ ਜੇ।

ਐਜਨ

ਗਲ ਫੁਲਾਂ ਦੇ ਪਾਇਕੇ ਹਾਰ ਭਾਈ,
ਸੇਹਰੇ ਬੰਨ੍ਹਕੇ ਸੋਹਣੇ ਸਰਦਾਰ ਜਾਂਦੇ ।
ਚਾਰ ਚਾਰ ਦਾ ਵੈਰ ਹੈ ਖਾਲਸਾ ਜੀ,
ਸਿੰਘ ਬੰਨਕੇ ਸੋਹਣੀ ਕਤਾਰ ਜਾਂਦੇ ।
ਜਥੇਦਾਰ ਦੀ ਆਗਿਆ ਮੰਨ ਸਿਰ ਤੇ,
ਸ਼ਾਂਤਮਈ ਦਾ ਫੜ ਹਥਿਆਰ ਜਾਂਦੇ ।
ਮਲਣ ਜਾਇਕੇ ਲੰਗਰ ਸੀ ਛਕ ਲੈਂਦੇ,
ਸਮਾ ਰਾਤ ਦਾ ਓਥੇ ਗੁਜ਼ਾਰ ਜਾਂਦੇ ।
ਸੁਬਾ ਉਠਕੇ ਜੈਤੋ ਨੂੰ ਪੈਣ ਚਾਲੇ,
ਗੰਗਸਰ ਦਾ ਕਰਨ ਦੀਦਾਰ ਜਾਂਦੇ ।
ਸਤਿ ਸ੍ਰੀ ਅਕਾਲ ਨਾਹਰਿਆਂ ਦਾ,
ਸੂਰੇ ਪਾਂਵਦੇ ਖੂਬ ਜੈ ਕਾਰ ਜਾਂਦੇ ।
ਜੈਤੋ ਪੁਜ ਗਏ ਗੁਰੂ ਦੇ ਲਾਲ ਸੋਹਣੇ,
ਗੁਰਦਿਆਲੂ ਹੋਰੀਂ ਵੀ ਕਰੀ ਵਿਚਾਰ ਜਾਂਦੇ ।
ਬੇੜਾ ਡੋਬ ਦੇਸੀ ਗੁਰੂ ਪਾਪੀਆ ਦਾ,
ਭਾਗ ਸਿੰਘਾ ਜੋ ਕਰੀ ਹੰਕਾਰ ਜਾਂਦੇ ।

ਐਜਨ

ਫਾਟਕ ਰੇਲਵੇ ਤੇ ਜਥਾ ਪੁਜਿਆਂ ਜਾ,
ਪੁਲਸ ਅਫਸਰਾਂ ਰੋਕਿਆਂ ਆਇਕੇਤੇ।
ਦਿਤਾ ਹੁਕਮ ਗੁਰਦਿਆਲੂ ਨੇ ਫੌਜੀਆਂ ਨੂੰ,
ਵਾਪਸ ਮੋੜ ਦੇਵੋ ਤੁਸੀ ਜਾਇਕੇਤੇ।
ਸੁਪ੍ਰਿੰਡੰਟ ਵੀ ਆਨਕੇ ਖਲਾ ਓਥੇ,
ਆਖੇ ਸਿੰਘਾਂ ਦੇ ਤਾਂਈਂ ਸੁਣਾਇਕੇਤੇ।
ਵਾਪਸ ਚਲੇ ਜਾਓ ਤੁਸੀ ਭਾਗ ਸਿੰਘਾ,
ਪਛਤਾਉਗੇ ਜਿੰਦ ਗੁਵਾਇਕੇਤੇ।

ਜਵਾਬ ਸਿੰਘ

ਸਿੰਘਾਂ ਕਿਹਾ ਜੋ ਹੁਕਮ ਹੈ ਕਰੋ ਬੰਡਾ,
ਅਸਾਂ ਗੁਰਦੁਵਾਰੇ ਨੂੰ ਜਾਵਣਾ ਹੈ।
ਦਸਮੇਂ ਗੁਰਾਂ ਦਾ ਧਾਂਮ ਜੋ ਰੀਠਸਰ ਜੀ,
ਦਰਸ਼ਨ ਓਸਦਾ ਜਾਇਕੇ ਪਾਵਣਾ ਹੈ।
ਗੁਰੂ ਗ੍ਰੰਥ ਦਾ ਜਾਏ ਪ੍ਰਕਾਸ਼ ਕਰਨਾ,
ਅਖੰਡ ਪਾਠ ਸ਼ੁਰੂ ਨੂੰ ਕਰਾਵਣਾ ਹੈ।
ਸਾਡਾ ਧਰਮ ਏਹੋ ਜਾਣੀ ਭਾਗ ਸਿੰਘਾ,
ਆਪ ਕਰੋ ਜੇਹੜਾ ਥੋਨੂੰ ਭਾਵਣਾ ਹੈ।

ਥਾਣੇਦਾਰ

ਥਾਣੇਦਾਰ ਸੀ ਮੇਹਰ ਸਿੰਹੁ ਨਾਮ ਜੀਦਾ,
ਸਾਰੇ ਜਥੇ ਦੇ ਭਾਈ ਸੁਣਾਂਵਦਾਏ।
ਅਸਾਂ ਤੁਸਾਂ ਤਾਂਈਂ ਗਿਰਫਤਾਰ ਕੀਤਾ,
ਚਲੋ ਵਿਚ ਸਰਾਂ ਬਤਾਂਵਦਾਏ।
ਚਰੰਜੀ ਲਾਲ ਦੀ ਜਾਏ ਸਰਾਂ ਅੰਦਰ,
ਦਾਖਲ ਜਥੇ ਨੂੰ ਜਾਏ ਕਰਾਂਵਦਾਏ।
ਸੁਪ੍ਰੰਡੰਟ ਆ ਸ਼ਾਮ ਦੇ ਅਠ ਵਜੇ,
ਜਥੇਦਾਰ ਨੂੰ ਆਇ ਬੁਲਾਂਵਦਾਏ।
ਥੌਡਾ ਨਾਭੇ ਦਾ ਅਜ ਚਲਾਨ ਹੋਇਆ,
ਜਥੇਦਾਰ ਦੇ ਤਾਂਈਂ ਫੁਰਮਾਂਵਦਾਏ।
ਜਥੇਦਾਰ ਨੇ ਮੰਨਿਆ ਸਤ ਕਰਕੇ,
ਜਥਾ ਸਟੇਸ਼ਨ ਦੇ ਵਲ ਸਦਾਂਵਦਾਏ।
ਦਸ ਵਜੇ ਦੀ ਗਡੀ ਚ ਬੰਦ ਕਰਕੇ,
ਨਾਭੇ ਸ਼ੈਹਰ ਦੇ ਵਿਚ ਪੁਚਾਂਵਦਾਏ।
ਇਕ ਰੋਜ ਕਰਕੇ ਜਥਾ ਜੇਹਲਖਾਨੇ,
ਅਗਲੇ ਰੋਜ ਫੇਰ ਗਾਹਾਂ ਲੈ ਜਾਂਵਦਾਏ।
ਰਾਜਪੁਰੇ ਦੇ ਸਟੇਸ਼ਨ ਤੇ ਛੋਡ ਕਰਕੇ,

ਵਾਪਸ ਮੁੜ ਜੈਤੋ ਫੇਰ ਆਂਵਦਾਏ।
ਜਥਾ ਹੋਏ ਅਜਾਦ ਸੀ ਭਾਗ ਸਿੰਘਾ,
ਸ੍ਰੀ ਮੁਕਤਸਰ ਨੂੰ ਚਾਲੇ ਪਾਂਵਦਾਏ।

ਤਥਾ

ਸਤਾਈ ਭਾਦਰੋਂ ਨੂੰ ਜਥਾ ਮੁਕਤਸਰ ਤੋ,
ਪੱਚੀ ਸਿੰਘ ਜੈਤੋ ਵੱਨੀਂ ਆਇ ਦੈਂਗੇ।
ਓਥੇ ਖੜਾ ਸੀ ਪਾਪੀ ਗੁਰਦਿਆਲੂ ਯਾਰੋ,
ਸਿੰਘ ਓਸਨੇ ਧੁਪੇ ਬੈਠਾਇ ਦੈਂਗੇ।
ਬਾਰਾਂ ਪੈਹਰ ਬਠਾਇਕੇ ਭੁਖਿਆਂ ਨੂੰ,
ਗੜੀ ਸ਼ਾਮ ਦੀ ਵੀਰ ਚੜਾਏ ਦੈਂਗੇ।
ਧੰਨ ਭਾਗ ਹੈ ਵੀਰਾਂ ਦੇ ਖਾਲਸਾ ਜੀ,
ਨਾਭੇ ਸ਼ੈਹਰ ਦੇ ਸੈਲ ਕਰਾਇ ਦੈਂਗੇ।
ਰਾਜ ਪੁਰੇ ਮੈਂ ਛੋਡ ਮੁੜ ਔਣ ਵਾਪਸ,
ਓਥੇ ਵੀਰ ਜੈਕਾਰੇ ਗਜਾਇ ਦੈਂਗੇ।
ਮੁਕਤਸਰ ਨੂੰ ਵਹੀਰਾ ਸੀ ਘਤ ਲੈਂਦੇ,
ਭਾਗ ਸਿੰਘਾ ਪ੍ਰਚਾਰ ਸੁਣਾਏ ਚੰਗੇ।

ਤਥਾ

ਅਠਾਈ ਭਾਦਰੋਂ ਨੂੰ ਪੱਚੀ ਸਿੰਘ ਹੋਰ,

ਹੋਏਂ ਜੈਤੋ ਦੀ ਤਰਫ ਰਵਾਨ ਭਾਈ।
ਫਾਟਕ ਰੇਲਵੇ ਤੇ ਕਿਸੇ ਰੋਕਿਆ ਨਾ,
ਨੌਕਰਸ਼ਾਹੀ ਨਾ ਕੀਤਾ ਧਿਆਨ ਭਾਈ।
ਚਾਲੀ ਚਾਲਸੀ ਖਾਲਸੇ ਪਹੁੰਚ ਗਏ,
ਜਿਥੇ ਲਗਿਆ ਸੀ ਦੀਵਾਨ ਭਾਈ।
ਓਥੇ ਜਾਏ ਦੀਵਾਨ ਸਜਾਏ ਲੀਤਾ,
ਕਰਨ ਲਗ ਪਏ ਸਿੰਘ ਵਖਿਆਨ ਭਾਈ।
ਖਬਰ ਜਾ ਪਹੁੰਚੀ ਥਾਨੇਦਾਰ ਨੂੰ ਵੀ,
ਪਿਆ ਪੁਲਸ ਤਾਈਂ ਘਮਸਾਨ ਭਾਈ।
ਘੇਰਾ ਪਾ ਲਿਆ ਆਣਕੇ ਫੌਜੀਆਂ ਨੇ,
ਲਗੇ ਪਕੜਕੇ ਬਾਹੋਂ ਉਠਾਨ ਭਾਈ।
ਸਿੰਘ ਆਪਸ ਮੇਂ ਕੰਗੀਆਂ ਪਾਏ ਬੈਠੇ,
ਮੁਖੋਂ ਨਾਮ ਚਿਤਾਰਦੇ ਰਾਮ ਭਾਈ।
ਧਰਮੀ ਸਿੰਘਾਂ ਗੁਰਬਾਣੀਆਂ ਗੌਂਦਿਆਂ ਤੇ,
ਪਾਪੀ ਲਗੇ ਨੇ ਜ਼ੁਲਮ ਕਮਾਨ ਭਾਈ।
ਸੋਲਾਂ ਪੈਹਰ ਬਠਾਇਕੇ ਭੁਖਿਆਂ ਨੂੰ,
ਫੇਰ ਡਾਂਗਾਂ ਦਾ ਮੀਂਹ ਵਰਸਾਨ ਭਾਈ।
ਮਾਰ ਲਾਠੀਆਂ ਹੱਡੀਆਂ ਤੋੜ ਦੇਂਦੇ,

ਸੌ ੨ ਕਦਮ ਘਸੀਟ ਲੈਜਾਨ ਭਾਈ।

ਭਾਗ ਸਿੰਘ ਕੀ ਵਰਤਦਾ ਕਹਿਰ ਜੈਤੋ,
ਦੁਨੀਆਂ ਵੇਖਦੀ ਪਈ ਤੁਮਾਮ ਭਾਈ।

ਇਕ ਭੁਝੰਗੀ ਨੇ ਮਾਰ ਪੈਣਾ। ਕਰਕੇ ਬੇਹੋਸ਼ ਹੋਕੇ ਗਿਰ ਪਿਆ ਅਤੇ ਇਕ ਸਿੰਘ ਨੇ ਜਲ ਦਾ ਕਮੰਡਲ ਭਰਕੇ ਛਕੌਣਾ ਤੇ ਥਾਨੇਦਾਰ ਮੇਹਰ ਸਿੰਹੁ ਨੇ ਡੁਲ੍ਹਾ ਦੇਣਾ।

ਡਿਗਾ ਇਕ ਭੁਝੰਗੀ ਬੇਹੋਸ਼ ਹੋਕੇ;
ਡਿਗਦਿਆਂ ਸਾਰ ਮੂੰਹ ਨੂੰ ਹਥ ਲਾਇਆ ਸੀ।
ਇਕ ਡਾਂਗਾਂ ਦੀ ਆਣਕੇ ਮਾਰ ਪੈਂਦੀ,
ਦੂਜਾ ਭੁਖਾ ਤੇ ਬਹੁਤ ਸਤਾਇਆ ਸੀ।
ਇਕ ਸਿੰਘ ਸਰੋਵਰੋ ਖਾਲਸਾ ਜੀ,
ਭਰ ਜਲ ਦਾ ਡੋਲ ਲੈ ਆਇਆ ਸੀ।
ਪਿਆਉਣ ਲਗਿਆ ਚੰਦਰੇ ਮੇਹਰ ਸਿੰਹੁ ਦੇ,
ਉਸ ਪਾਪੀ ਦੇ ਨਜਰੀ ਆਇਆ ਸੀ।
ਚੁਲੀ ਭਰਕੇ ਮੁਖ ਮੇਂ ਪੌਣ ਲਗਾ,
ਧਕਾ ਦੇਕੇ ਪਿਛਾ ਹਟਾਇਆ ਸੀ।
ਥਾਨੇਦਾਰ ਸੀ ਚੰਦਰੇ ਮੇਹਰ ਸਿੰਹ ਨੇ,
ਹਥ ਮਾਰਕੇ ਨੀਰ ਡੁਲਾਇਆ ਸੀ।

ਪਾਣੀ ਕਿਸੇ ਨੂੰ ਘੁਟ ਨਾ ਪੀਣ ਦੇਣਾ,
ਬੇਈਮਾਨ ਨੇ ਆਖ ਸੁਣਾਇਆ ਸੀ।
ਆਇਆ ਤਰਸ ਨਾ ਪਾਪੀ ਨੂੰ ਭਾਗ ਸਿੰਘਾ;
ਆਰੇ ਵੀਰਾਂ ਤੇ ਕੈਹਰ ਮਚਾਇਆ ਸੀ।

ਤਥਾ

ਵੇਖੋ ਪਾਪੀਆਂ ਨੇ ਕਿਡੀ ਮਤ ਚੁਕੀ,
ਡਾਂਗਾਂ ਸੋਹਣਿਆਂ ਵੀਰਾਂ ਦੇ ਮਾਰ ਲੈਂਦੇ।
ਡਾਂਗਾਂ ਮਾਰਕੇ ਤੋੜਕੇ ਫੰਡੀਆਂ ਨੂੰ,
ਨੂੜ ਗਡਿਆਂ ਉਤੇ ਬੈਠਾਰ ਲੈਂਦੇ।
ਕਿਸ ਦੀ ਲਤ ਟੁਟੇ ਕਿਸਦੀ ਬਾਂਹ ਭੱਜੇ।
ਨੌਕਰਸ਼ਾਹੀ ਨਾ ਰਤਾ ਵੀ ਸਾਰ ਲੈਂਦੇ।
ਸਿੰਘ ਗੁਰੂ ਦੇ ਆਪਨੇ ਧਰਮ ਖਾਤਰ,
ਨਾਲ ਖੁਸ਼ੀ ਦੇ ਕਸ਼ਟ ਸਹਾਰ ਲੈਂਦੇ।
ਵੱਜੇ ਡਾਂਗ ਤੇ ਸੀ ਨਾ ਆਖਦੇ ਸੀ,
ਸਚੇ ਗੁਰੂ ਦਾ ਨਾਮ ਚਿਤਾਰ ਲੈਂਦੇ।
ਭਾਗ ਸਿੰਘ ਸੀ ਜੋੜਕੇ ਬੈਲ ਪਾਪੀ,
ਕਰ ਸਟੇਸ਼ਨ ਦੇ ਵਲ ਤਿਆਰ ਲੈਂਦੇ।

ਐਜਨ

ਗੱਡੀ ਸ਼ਾਮ ਦੀ ਸਿੰਘਾਂ ਨੂੰ ਬੰਦ ਕਰਕੇ,
ਲੈ ਗਏ ਵੱਲ ਰੁਵਾੜੀ ਦੇ ਤੋਰ ਬੇਲੀ।
ਸਤਰ ਸਾਲ ਦੇ ਯਾਰ ਕਹਾਂਵਦੇ ਸੀ,
ਪਿਛਲਾ ਕਡ ਲੀਤਾ ਕੋਈ ਖੋਰ ਬੇਲੀ।
ਰੁਵਾੜੀ ਛਡਕੇ ਸਿੰਘਾਂ ਨੂੰ ਨੱਠ ਔਂਦੇ,
ਜਿਵੇਂ ਨਠਦਾ ਰਾਤ ਦਾ ਚੋਰ ਬੇਲੀ।
ਪਾਪੀ ਪਾਪ ਕਮਾਂਵਦੇ ਭਾਗ ਸਿੰਘਾ,
ਸਿੰਘਾਂ ਫੜੀ ਅਕਾਲ ਦੀ ਡੋਰ ਬੇਲੀ।

੯ ਤਰੀਕ ਸ਼੍ਰੋਮਣੀ ਕਮੇਟੀ ਨੇ ਵਾਇਸਰਾਏਨੂੰ
ਤਾਰ ਦੇਣੀ

ਦਿਤੀ ਤਾਰ ਕਮੇਟੀ ਸ਼੍ਰੋਮਣੀ ਨੇ,
ਵਾਇਸਰਾਏ ਦੇ ਤਾਂਈ ਸੁਣਾਇਆ ਜੀ।
ਸੋਹਣੇ ਹੈ ਕਨੂੰਨ ਅਨਸਾਫ ਥੋਡੇ,
ਸਿੰਘਾਂ ਭੁਖਿਆਂ ਤਾਈਂ ਬਠਾਇਆ ਜੀ।
ਨਾਲੇ ਡਾਗਾਂ ਦੀ ਸਿੰਘਾਂ ਤੇ ਲਾਈ ਵਰਖਾ,
ਥੋਨੂੰ ਕੀਹਨੇ ਕਨੂੰਨ ਬਤਾਇਆ ਜੀ।
ਡਾਂਗਾਂ ਪੈਣ ਤੇ ਮਿਲੇ ਨਾ ਅੰਤ ਪਾਣੀ,

ਹਤਿਆਰਿਆ ਤਰਸ ਨਾ ਆਇਆ ਜੀ।
ਜ਼ਿਮੇਵਾਰ ਹੋਊ ਸਰਕਾਰ ਓਹਦੀ,
ਜੇਕਰ ਸਿੰਘ ਕਿਸੇ ਚਾਲਾ ਪਾਇਆ ਜੀ।
ਵਾਇਸਰਾਏ ਨੇ ਤਾਰ ਦਾ ਭਾਗ ਸਿੰਘਾ,
ਅਗੋਂ ਕੋਈ ਨਾ ਉਤਰ ਸੁਣਾਇਆ ਜੀ।

ਅਗਲੇ ਰੋਜ ਵਾਲੇ ਜਥੇ ਨੂ ਰਾਤ ਨੂ ਮੀਂਹ
ਪੈਂਦੇ ਵਿਚ ਬਾਹਰ ਹੀ ਖੜਾ ਰਖਿਆ ਗਿਆ

ਅਗਲੇ ਰੋਜ ਵਾਲਾ ਜਥਾ ਜਾਬਰਾਂ ਨੇ,
ਬਾਹਰ ਮੀਂਹ ਦੇ ਵਿਚ ਬਠਾਇਆ ਜੀ।
ਬਦਲ ਵਰਸ਼ ਦਾ ਬਿਜਲੀਆਂ ਚੰਮਕ ਮਾਰੀ,
ਤੇ ਅੰਧੇਰ ਗੁਬਰ ਬਤਾਇਆ ਜੀ।
ਵਰਖਾ ਪੈਂਦਿਆਂ ਬੈਠਕੇ ਰਾਤ ਕਟੀ,
ਮੁਖੋਂ ਰਾਮ ਦਾ ਨਾਮ ਅਲਾਇਆ ਜੀ।
ਚੜ੍ਹਿਆ ਦਿਨ ਤੇ ਜਾਬਰਾ ਭਾਗ ਸਿੰਘਾ,
ਵਡਾ ਹੋਰ ਹੀ ਜ਼ੁਲਮ ਕਮਾਇਆ ਸੀ।

ਜਥੇ ਨੂ ਸਾਰੀ ਰਾਤ ਵਰਖਾ ਵਿਚ ਰਖਿਆ
ਗਿਆ ਤੇ ਫੇਰ ਦਿਨ ਚੜੇ ਸਿੰਘਾਂ ਤੇ ਬੂਟਾਂ ਦੇ
ਠੁਡਿਆਂ ਦੀ ਮਾਰ ਪਈ ਇਕ ਸਿੰਘ ਨੂੰ ਜਥੇ
ਦਾਰ ਸਮਝਕੇ ਅਡ ਕੀਤਾ ਗਿਆ ਤੇ ਜਥੇ ਨੂ

ਜੰਗਲ ਬਾਵਲ ਕਾਟੀ ਪੁਚਾਇਆ ਗਿਆ ਉਸ ਸਿੰਘ ਨੂ ਥਾਨੇਦਾਰ ਮੇਹਰ ਸਿਹ ਨੇ ਕਿਹਾ ਸਰਕਾਰ ਨਾਲ ਮਥਾ ਲੈਣਾ ਮੁਸ਼ਕਲ ਹੈ ਵਾਪਸ ਚਲਿਆ ਜਾ ਉਸ ਸਿੰਘ ਨੇ ਜਵਾਬ ਦੇਣਾ

ਕਿਹਾ ਖਾਲਸੇ ਧਰਮ ਨਾ ਹਾਰ ਸਾਰੇ,
ਭਾਵੇਂ ਲਖ ਹੀ ਜ਼ੁਲਮ ਕੁਮਾ ਛਡੀ।
ਨੰਗੇ ਧੜ ਤੇ ਕੇਸਾਂ ਨੂੰ ਬੰਨ੍ਹ ਰਸੇ,
ਭਾਵੇਂ ਬਿਰਛਾਂ ਦ ਨਾਲ ਲਟਕਾ ਛਡੀ।
ਅਸਾਂ ਮੁਖ ਚੋਂ ਸੀ ਉਚਾਰਨੀ ਨਹੀਂ,
ਜੀਉਂਦੇ ਭੱਠੀਆਂ ਵਿਚ ਝੁਕਾ ਛਡੀ।
ਭਾਵੇਂ ਵਿਚ ਨਨਕਾਣੇ ਨਰੈਣੂ ਵਾਂਗੂ,
ਪਾਇ ਮਿਟੀ ਦੇ ਤੇਲ ਜਲਾ ਛਡੀ।
ਬਲ ਬਖਸ਼ਿਆ ਪੰਜਵੇਂ ਗੁਰੂ ਸਾਨੂੰ,
ਲੋਹਾਂ ਤਤੀਆਂ ਉਤੇ ਬਠਾ ਛਡੀ।
ਬਾਵਲ ਕਾਟੀ ਦੇ ਜੰਗਲਾਂ ਵੱਲ ਕਿਦਰੇ,
ਫੜ ਧਰਮੀਆਂ ਗਡੀ ਚੜ੍ਹਾ ਛਡੀ।
ਕਿਦਰੇ ਜੇਹਲਾਂ ਦੇ ਵਿਚ ਪੁਚਾ ਛਡੀ,
ਕਿਦਰੇ ਬਾਗੀ ਕਰਾਰ ਸੁਣਾ ਛਡੀ।

ਧਰਮ ਛਡਣਾ ਮੂਲ ਨਾ ਭਾਗ ਸਿੰਘ,
ਤਰ੍ਹਾਂ ਤਰਾਂ ਦੇ ਦੁਖ ਵਿਖਾ ਛਡੀ।

ਧਰਮੀ ਸਿੰਘ

ਤਵਾਰੀਖ ਤੂੰ ਫੋਲਕੇ ਵੇਖ ਸਾਡੀ,
ਅਸੀ ਆਰਿਆ ਸੀਸ ਚਰਾਨ ਵਾਲੇ।
ਸਿੰਘਾਂ ਤ੍ਰਾਈਂ ਪ੍ਰਸ਼ਾਦ ਛਕੌਨ ਵਾਲੇ,
ਖੋਪਰ ਰੰਬੀਆ ਨਾਲ ਲੁਹਾਨ ਵਾਲੇ।
ਪਲੇ ਧਰਮ ਰਹਿਜੇ ਅਗੋ ਚਲੇ ਗੋਲੀ,
ਹਸ ਹਸਕੇ ਛਾਤੀਆਂ ਡਾਨ ਵਾਲੇ।
ਜਲਿਆਂ ਵਾਲੜੇ ਬਾਗਦੇ ਵਿਚ ਗੋਲੀ,
ਤੁਸੀ ਚਲਾਨ ਵਾਲੇ ਅਸੀ ਖਾਨ ਵਾਲੇ।
ਐਪਰ ਖੋਲਕੇ ਸਾਨੂੰ ਜਵਾਬ ਦੇਓ,
ਛਡ ੨ ਕੇਹੜੇ ਭਜ ਜਾਨ ਵਾਲੇ।
ਅਸੀ ਧਰਮੀ ਪਤੰਗ ਓਏ ਭਾਗ ਸਿੰਘਾ,
ਸ਼ਮਾਦਾਨ ਤੇ ਸਦਾ ਮਰ ਜਾਨ ਵਾਲੇ।

ਲੀਡਰਾਂ ਨੇ ਬੈਲ ਗਡੀ ਤੇ ਅਸਵਾਰ ਹੋਕੇ
ਔਣਾ ਤੇ ਭਗਤ ਜਸਵੰਤ ਸਿੰਘ ਨੇ ਘੋੜੀ
ਲੈਕੇ ਨਾਲ ਔਣਾ

ਇਕ ਮਿਸਟਰ ਗਿਡਵਾਨੀ ਤੇ ਹੋਰ ਲੀਡਰ,

ਅਤੇ ਪੰਡਤ ਜਵਾਹਰ ਭੀ ਲਾਲ ਹੈਸੀ।
ਜੀਨੂੰ ਭਗਤ ਜਸਵੰਤ ਸਿੰਘ ਆਖਦੇ ਨੇ,
ਓਹ ਭੀ ਸਜਣੇ ਲੀਡਰਾਂ ਨਾਲ ਹੈਸੀ।
ਫਾਟਕ ਰੇਲਵੇ ਤੇ ਜਦੋਂ ਜਾਏ ਪੂਜੇ,
ਘਲੀ ਪੁਲਸ ਗੁਰਦਿਆਲੂ ਚੰਡਾਲ ਹੈਸੀ।
ਅਗੇ ਲਾਇਕੇ ਓਨਾਂ ਲੀਡਰਾਂ ਨੂੰ,
ਦਿਤਾ ਜਾ ਬਗੀਚੀ ਬਹਾਲ ਹੈਸੀ।
ਸਿੰਘਾ ਸੂਰਿਆਂ ਨੂ ਵੰਖ ਧੜਕ ਦੇਨ,
ਚਲੀ ਹੋਰ ਅਯੋਗ ਹੀ ਚਾਲ ਹੈਸੀ।
ਸ਼ਾਵੇਂ ਦੇਕੇ ਕਰਸੀਆਂ ਲੀਡਰਾਂ ਨੂੰ,
ਸਿੰਘ ਦਿਤੇ ਨੇ ਧੂਪੇ ਬਠਾਲ ਹੈਸੀ।

ਲੀਡਰਾਂ ਨੂੰ ਗਿਰਫਤਾਰ ਕਰਕੇ ਭੁੱਖਿਆਂ ਹੀ ਰਖਿਆਂ ਗਿਆਤੇ ਫੌਜੀ ਪਹਿਰਾ ਲਗਾਇਆ ਗਿਆ ਭੁਗਤ ਜਸਵੰਤ ਸਿੰਘ ਬੈਲ ਗਡੀ ਨਾਲ ਸਨ ਬੈਲ ਗਡੀ ਤੇ ਵੀ ਪਹਿਰਾ ਲਾਇਆ ਗਿਆ ਅਤ ਸਟੇਸ਼ਨ ਤੇ ਲੈ ਗਏ ਭਾਈ ਦਰਬਾਰਾ ਸਿੰਘ ਇਕ ਸਿੰਘ ਨੂੰ ਘੋੜੀ ਫੜਾ ਸਟੇਸ਼ਨ ਤੇ ਲੀਡਰਾਂ ਨਾਲ ਗਲ ਬਾਤ ਕਰਨ ਗਏ

ਦਰਬਾਰਾ ਸਿੰਘ ਸੀ ਘੋੜੀ ਫੜਾਇਕੇ ਤੇ,

ਗਿਆ ਸਟੇਸ਼ਨ ਦੇ ਵਲ ਸਿਧਾ ਭਾਈ।
ਪਿਛੋਂ ਹੋਇਕੇਤੇ ਕਠੇ ਪੁਲਸੀਆਂ ਨੇ,
ਲਿਆ ਆਪਣਾ ਮਤ ਪਕਾਏ ਭਾਈ।
ਘੋੜੀ ਖੋਲ ਕੀਤੀ ਆਪਨੇ ਵਿਚ ਕਬਜੇ,
ਲਿਆ ਬੈਲ ਗਡੀ ਪੈਹਰਾ ਲਾ ਭਾਈ।
ਦਰਬਾਰਾ ਸਿੰਘ ਮੁੜ ਘੋੜੀ ਨਜੀਕ ਆਏ,
ਲਿਆ ਹਥ ਲਗਾਮ ਨੂੰ ਪਾ ਭਾਈ।
ਦਰਬਾਰਾ ਸਿੰਘ ਸਰਦਾਰ ਨੂੰ ਪਕੜਨੇ ਦਾ,
ਲਿਆ ਪੁਲਸੀਆ ਮਤਾ ਪਕਾ ਭਾਈ।
ਅਖਾਂ ਗੈਹਰੀਆਂ ਪੁਲਸ ਦੀਆਂ ਵੇਖਕੇਤੇ,
ਦਰਬਾਰਾ ਸਿੰਘ ਲਿਆ ਪੈਰ ਹਟਾ ਭਾਈ।
ਦਰਬਾਰਾ ਸਿੰਘ ਸੀ ਤਾਰ ਦੀ ਹਦ ਅੰਦਰ,
ਗਿਆ ਟਪ ਕੇ ਸਟੇਸ਼ਨ ਤੇ ਆ ਭਾਈ।
ਲੈਕੇ ਲਾਠੀਆਂ ਨੂੰ ਓਦੋਂ ਭਾਗ ਸਿੰਘਾ,
ਫੌਜੀ ਗਏ ਨੇ ਮਗਰ ਸਿਧਾ ਭਾਈ।

ਫੌਜੀ

ਮਗਰੇ ਵੀਰ ਦੇਸੀ ਫੌਜੀ ਟੁਟ ਪਏ,
ਢਬਾ ਦਬ ਸੀ ਲਗ ਗਏ ਤਾਰ ਪਾਰੇ।

ਆਵੇ ਰਤਾ ਵੀ ਤਰਸ ਨਾਂ ਪਾਪੀਆਂ ਨੂੰ,
ਡਾਂਗਾਂ ਰਹਿਨੇ ਵੀਰ ਦੇ ਮਾਰ ਯਾਰੋ।
ਮਾਰ ਮਾਰ ਡਾਂਗਾਂ ਸੋਹਣੇ ਵੀਰ ਭਾਈ,
ਕੀਤਾ ਬੜਾ ਹੀ ਸਖਤ ਲਿਚਾਰ ਯਾਰੋ।
ਝਟ ਪਟ ਹੀ ਮੇਹਰ ਸਿੰਹ ਆਨ ਪੁੱਜਾ,
ਜੀਨੂੰ ਆਖਦੇ ਨੇ ਥਾਨੇਦਾਰ ਯਾਰੋ।
ਦਰਬਾਰਾ ਸਿੰਘ ਪਿਆਰੇ ਨੂੰ ਖਾਲਸਾ ਜੀ,
ਓਹਨੇ ਆਨ ਕੀਤਾ ਗਿਰਫਤਾਰ ਯਾਰੋ।
ਡਾਂਗਾਂ ਮਾਰ ਘਸੀਟਕੇ ਭਾਗ ਸਿੰਘ,
ਮੰਡੀ ਲਿਆਏ ਤੇ ਕੀਤਾ ਖਵਾਰ ਯਾਰੋ।

ਨਾਜ਼ਮ ਜੋਰਾ ਸਿੰਘ ਅਤੇ ਗੁਰਦਿਆਲ ਤੋਂ
ਲੀਡਰਾਂ ਨੇ ਪੁਛਿਆ

ਕਿਹਾ ਲੀਡਰਾਂ ਜੋਰਾ ਸਿੰਹ ਨਾਜਮ ਤਾਂਈ,
ਸਾਨੂੰ ਖੋਲਕੇ ਹਾਲ ਸੁਣਾ ਭਾਈ।
ਅਤੇ ਨਾਲੇ ਗੁਰਦਿਆਲੂ ਨੂੰ ਆਖਦੇ ਨੇ,
ਤੂੰ ਵੀ ਆਪਨੀ ਵਜਾ ਜਿਤਾ ਭਾਈ।
ਕੀ ਕਨੂਨ ਦੇ ਵਿਚ ਗਿਰਫਤਾਰ ਕੀਤੇ,
ਕੇਹੜੀ ਲਾਈ ਹੈ ਸਾਨੂੰ ਦਫਾ ਭਾਈ।

65

ਸਚ ਝੂਠ ਦੇ ਤਾਈਂ ਨਿਖਾਰ ਕਰਕੇ,
ਭਾਗ ਸਿੰਘ ਦੇ ਤਾਈਂ ਬਤਾ ਭਾਈ।

ਗੁਰਦਿਆਲੂ

ਗੁਰਦਿਆਲੂ ਆਖਿਆ ਦਫਾ ਕਨੂਨ ਥੋਨੂੰ,
ਅਸੀ ਆਪ ਹੀ ਖੋਲ ਸੁਨਾਂਵਦੇ ਹਾਂ।
ਅਜ ਕਲ ਕਨੂਨ ਜਬਾਨ ਸਾਡੀ,
ਅਤੇ ਦਫਾ ਵੀ ਏਹੋ ਬਤਾਂਵਦੇ ਹਾਂ।
ਉਤੋਂ ਹੁਕਮ ਥੋਨੂੰ ਗਿਰਫਤਾਰ ਕਰਨਾ,
ਤਾਹੀਂ ਪਕੜ ਅਸੀ ਜੇਹਲੀ ਪਾਂਵਦੇ ਹਾਂ।
ਬਸ ਦਸਣ ਦੀ ਲੋੜ ਨੀ ਭਾਗ ਸਿੰਘਾ,
ਆਈ ਦਿਲ ਦੀ ਸੋ ਕਮਾਂਵਦੇ ਹਾਂ।

ਲੀਡਰ

ਕਿਹਾ ਲੀਡਰਾਂ ਫੇਰ ਦਬਾਰ ਮੁੜਕੇ,
ਸਾਨੂੰ ਦਫਾ ਜਰੂਰ ਬਤਾਓ ਤੁਸੀ।
ਨਾਲ ਖੁਸ਼ੀ ਦੇ ਜਾਣ ਨੂੰ ਤਿਆਰ ਬੈਠੇ,
ਭਾਵੇਂ ਫੜ ਜੇਹਲਾਂ ਵਿਚ ਪਾਓ ਤੁਸੀ।
ਐਪਰ ਦਫਾ ਹੈ ਪੁਛਣ ਦੀ ਲੋੜ ਸਾਨੂੰ,
ਥੋਤੇ ਪੁਛਦੇ ਅਸੀ ਜਤਾਉ ਤੁਸੀ।

ਭਾਗ ਸਿੰਘ! ਜੋ ਆਂਵਦੀ ਦਿਲ ਥੱਡੇ,
ਪਏ ਆਪਣਾ ਹੁਕਮ ਬਜਾਓ ਤੁਸੀ।

ਗੁਰਦਿਆਲੂ

ਗੁਰਦਿਆਲੂ ਪਾਪੀ ਨੇ ਮੁਖਤੋਂ ਹਸ ਕਰਕੇ,
ਛੇਤੀ ਲੀਡਰਾਂ ਤਾਂਈ ਸੁਣਾ ਦਿਤਾ।
ਇਕ ਸੌ ਅਠਵੰਜਾ ਦੇ ਹੇਠਾਂ ਓਥੇ,
ਗਿਰਫਤਾਰ ਕਰ ਲੀਤੇ ਬਤਾ ਦਿਤਾ।
ਨਾਭੇ ਸ਼ਹਿਰ ਦਾ ਆਖੇ ਚਲਾਨ ਥੋੜਾ,
ਗਡੀ ਸ਼ਾਮ ਦੀ ਛੇਤੀ ਚੜ੍ਹਾਏ ਦਿਤਾ।
ਭਾਗ ਸਿੰਘ ਸੀ ਬੰਦ ਕਰ ਲੀਡਰਾਂ ਨੂੰ,
ਨਾਭੇ ਜੇਹਲ ਦੇ ਵਿਚ ਪੁਚਾ ਦਿਤਾ।

ਅਸੂ ਦੇ ਜਥੇ ਦੀ ਤਲਾਸ਼ੀ ਲੈਣੀ

ਫਾਟਕ ਰੇਲਵੇ ਤੇ ਜਥਾ ਪੁਜਿਆ ਸੀ,
ਘੇਰਾ ਪਾਲਿਆ ਫੌਜੀਆਂ ਆਇ ਲੋਕੋ।
ਸੁਪ੍ਰਿੰਡੰਟ ਨੇ ਕਿਹਾ ਗਿਰਫਤਾਰ ਤੁਸੀ,
ਲਏ ਓਸੇ ਹੀ ਜਗਾ ਬਠਾਏ ਲੋਕੋ।
ਸੁਪ੍ਰਿੰਡੰਟ ਨੇ ਗੈਹਰੀਆਂ ਕਰ ਅਖਾਂ,
ਦਿਤਾ ਫੌਜੀਆਂ ਤਾਂਈਂ ਸੁਣਾਏ ਲੋਕੋ।

ਫੇਰੀ ਲਓ ਤਲਾਸ਼ੀ ਅਕਾਲੀਆਂ ਦੀ,
ਖੜੇ ਕਾਸਨੂੰ ਵਕਤ ਗੁਵਾਏ ਲੋਕੋ।
ਫੋਲ ਕਪੜੇ ਵੀਰਾਂ ਦੇ ਖਾਲਸਾ ਜੀ,
ਪਿਛੋਂ ਗੁਟਾਂ ਦੇ ਠੂਡੇ ਲਗਾਏ ਲੋਕੋ।
ਭਾਗ ਸਿੰਘਾ ਬੇਦੋਸਿਆਂ ਧਰਮੀਆਂ ਨੂੰ,
ਦਿਤਾ ਬਾਵਲ ਨੂੰ ਗੱਡੀ ਝੜਾਏ ਲੋਕੋ।
ਏਸੇ ਤਰਾਂ ਹੀ ਔਂਦਿਆ ਜਥਿਆਂ ਨੂੰ,
ਗਡੀ ਸ਼ਾਮ ਦੀ ਜਾਬਰ ਝੜਾਂਵਦੇ ਰਹੇ।
ਜੰਗਲ ਵਿਚ ਇਕ ਸ਼ੈਹਰ ਹੈ ਬਾਵਲ ਕਾਟੀ,
ਧਰਮੀ ਵੀਰਾਂ ਨੂੰ ਓਥੇ ਪੁਚਾਂਵਦੇ ਰਹੇ।
ਬਿਨਾ ਦੋਸਤੋ ਗੁਰੂ ਦੇ ਲਾਲ ਯਾਰੇ,
ਲਖ ਲਖ ਤਕਲੀਫਾਂ ਉਠਾਂਵਦੇ ਰਹੇ।
ਤਿੰਨ ਪੋਹ ਆਇਆ ਦਿਨ ਭਾਗ ਸਿੰਘ,
ਜਾਬਰ ਵਧਕੇ ਜੁਲਮ ਕਮਾਂਵਦੇ ਰਹੇ।

੩ ਪੋਹ ਵਾਲੇ ਜਥੇ ਨੂੰ ਬਾਹਰ ਵਰਖਾ ਵਿਚ
ਖੜਾ ਕਰ ਛਡਣਾ ਅਤੇ ਕਪੜੇ ਭੀ ਖੋਹ ਲੈਣੇ

ਤਿੰਨ ਪੋਹ ਦਾ ਆਗਿਆ ਦਿਨ ਯਾਰੋ,
ਝੀੜਾਂ ਪੈਂਦੀਆਂ ਦੂਣ ਸੁਵਾਇਆ ਸੀ।

ਆਇਆ ਜਥਾ ਤੇ ਕਪੜੇ ਖੋਹ ਲੀਤੇ,
ਆਈਆਂ ਪੰਥ ਉਤੇ ਕਰੜਾਈਆਂ ਸੀ।
ਵਰਸੇ ਮੇਹਗਲਾ ਤੇ ਸਿੰਘ ਬਾਹਰ ਬੈਠੇ,
ਝੜੀਆਂ ਇੰਦਰ ਨੇ ਆਏ ਲਗਾਈਆ ਸੀ।
ਪਵੇ ਬਦਲਾਂ ਦੀ ਘਨਕੋਰ ਧਾਰੇ,
ਘਟਾ ਚਾਰ ਚੁਫੇਰਿਓਂ ਛਾਈਆਂ ਸੀ।
ਸਿੰਘਾਂ ਸੂਰਿਆਂ ਧਰਮ ਦੇ ਪੂਰਿਆਂ ਨੇ,
ਚਰਨੀ ਗੁਰੂ ਦੇ ਬਿਰਤੀਆਂ ਲਾਈਆਂ ਸੀ।
ਕਈਆਂ ਨਾਲ ਨਮੂਨੀਏ ਭਾਗ ਸਿੰਘਾ,
ਅਤੇ ਕੀਤੀਆਂ ਅੰਤ ਝੜਾਈਆਂ ਸੀ।

ਚਾਰ ਮਾਗ ਵਾਲੇ ਜਥੇ ਦੇ ਕਪੜੇ ਖੋਹਕੇ
ਐਸ ਸਮੇਂ ਹੀ ਗਡੀ ਝੜਾਇਆ ਗਿਆ

ਚਾਰ ਮਾਗ ਨੂੰ ਜਥਾ ਸੀ ਆਇਆ ਜੈਤੋਂ,
ਓਹਨਾਂ ਤਾਈਂ ਵੀ ਦੁਖ ਵਿਖਾ ਦਿਤੇ।
ਸੁਪ੍ਰਿੰਡੰਟ ਨੇ ਹੁਕਮ ਦੇ ਫੌਜੀਆਂ ਨੂੰ,
ਲੀੜੇ ਸਿੰਘਾਂ ਦੇ ਪਾਸੋਂ ਖੁਹਾ ਦਿਤੇ।
ਨੰਗੇ ਵੀਰਾਂ ਨੂੰ ਪਕੜਕੇ ਜਾਬਰਾਂ ਨੇ,
ਬਾਬਲ ਕਾਟੀ ਨੂੰ ਗਡੀ ਚੜ੍ਹਾ ਦਿਤੇ।

69

ਰਾਤੀਂ ਕੱਟਣਗੇ ਪਾਲੇ ਦੇ ਵਿਚ ਕਿਵੇਂ,
ਧਰਮੀ ਵੀਰਾਂ ਨੂੰ ਮੁਆਮਲੇ ਪਾ ਦਿਤੇ।

ਜਥੇਦਾਰ ਅਕਾਲ ਤਖਤ ਵਲੋਂ ਐਲਾਨ

ਜਥੇਦਾਰ ਅਕਾਲ ਸ੍ਰੀ ਤਖਤ ਵੱਲੋਂ,
ਦਿਤਾ ਮੁਖ ਸੇ ਹੁਕਮ ਉਚਾਰ ਸਿੰਘੋ।
ਗੁਰਦੁਵਾਰਾ ਦਸਮੇਸ ਦਾ ਰੰਗਸਰ ਜੀ,
ਕਰੋ ਓਸਦਾ ਜਾਇ ਸੁਧਾਰ ਸਿੰਘੋ।
ਮਹੀਨੇ ਸਤ ਹੋਏ ਲਗੇ ਮੋਰਚੇ ਨੂੰ,
ਗੁਰਦਿਆਲੂ ਖਿਚੀ ਬੈਠਾ ਅਹੰਕਾਰ ਸਿੰਘੋ।
ਪੰਜ ਸੌ ਦਾ ਜਥਾ ਅਕਾਲ ਤਖਤੋਂ,
ਅਰਦਾਸਾ ਸੋਧਕੇ ਹੋ ਜੋ ਤਿਆਰ ਸਿੰਘੋ।
ਸਤਾਈ ਮਾਘ ਨੂੰ ਤੁਰੋ ਅਕਾਲ ਤਖਤੋ,
ਫੜ ਸ਼ਾਂਤੀ ਦੀ ਤਲਵਾਰ ਸਿੰਘੋ।
ਜਾਂ ਤਾਂ ਗੁਰੂ ਚਰਨਾਂ ਵਿਚ ਸਵੋਂ ਜਾਕੇ,
ਜਾਂ ਰਖ ਦਿਓ ਪਾਠ ਦੋਬਾਰ ਸਿੰਘੋ।
ਰਸਤੇ ਔਂਦਿਆਂ ਨਗਰਾਂ ਵਿਚ ਭਾਈ,
ਕਰਦੇ ਜਾਵਿਓ ਧਰਮ ਪ੍ਰਚਾਰ ਸਿੰਘੋ।
ਭਾਗ ਸਿੰਘ ਹੈ ਰਖਲੀ ਹਿੰਦ ਜੀ ਨੇ,

ਯਾਦ ਕਰੋ ਓਹਦੇ ਉਪਕਾਰ ਸਿੰਘੋ।

### ਬਸੰਤ ਪੰਚਮੀਂ ਵਾਲੇ ਦਿਨ ਸ਼ਹੀਦੀ ਜਥੇ ਨੇ
### ਲੰਗਰ ਛਕਕੇ ਅਕਾਲ ਤਖਤ ਅਰਦਾਸਾ
### ਸੋਧਨ ਵਾਸਤੇ ਪੁਜਣਾ

ਲੰਗਰ ਛਕਕੇ ਤਖਤ ਅਕਾਲ ਵੰਨੀ,
ਚਲੇ ਹੋਇਕੇ ਸਿੰਘ ਤਿਆਰ ਬੇਲੀ।
ਚਾਰ ਚਾਰ ਦਾ ਫੇਰ ਹੋ ਖਾਲਸਾ ਜੀ,
ਪੁਜੇ ਤਖਤ ਅਕਾਲ ਦਰਬਾਰ ਬੇਲੀ।
ਅਗੇ ਸਜਿਆ ਬੈਠਾ ਦੀਵਾਨ ਸੋਹਣਾ,
ਅਤੇ ਹੋਂਵਦਾ ਧਰਮ ਪ੍ਰਚਾਰ ਬੇਲੀ।
ਦਸਾਂ ਕਿੰਨਾ ਹਸਾਬ ਮੈਂ ਸੰਗਤਾਂ ਦਾ,
ਦਿਸੇ ਆਂਵਦਾ ਨਹੀਂ ਸ਼ੁਮਾਰ ਬੇਲੀ।
ਚਾਰੋ ਤਰਫ ਅਕਾਲ ਅਕਾਲ ਹੋਵੇ,
ਜਿਦਰ ਵੇਖੀਏ ਕਾਲੀ ਦਸਤਾਰ ਬੇਲੀ।
ਸਤਿਨਾਮ ਦਾ ਵਰਸਦਾ ਨੂਰ ਯਾਰੋ,
ਹੁੰਦੀ ਪਈ ਕਰਤਾਰ ਕਰਤਾਰ ਬੇਲੀ।
ਵਰਖਾ ਫੁਲਾਂ ਦੀ ਸ਼ੈਬਰਾਂ ਲਗ ਰਹੀਆਂ,
ਖੁਸ਼ੀ ਹੋਵੇ ਜੋ ਕਰੇ ਦੀਦਾਰ ਬੇਲੀ।

ਜਿਦਰ ਮਾਰਕੇ ਵੇਖੀ ਨਜ਼ਰ ਯਾਰੋ,
ਫੁਲ ਵਰਸਦੇ ਵਾਸ਼ਨਾਦਾਰ ਬੇਲੀ।
ਬਰਦੀ ਖੱਟੀ ਸੁਹਾਵੇ ਸ਼ਹੀਦੀਆਂ ਦੇ,
ਚਿਟੇ ਸਨ ਝੋਲੇ ਖਾਨੇ ਦਾਰ ਬੇਲੀ।
ਸਿਰ ਤੇ ਕਾਲੀ ਦਸਤਾਰ ਸੁਹਾਂਵਦੀ ਸੀ,
ਬਾਜਾਂ ਵਾਲੜੇ ਦਾ ਪਰਵਾਰ ਬੇਲੀ।
ਭਾਗ ਸਿੰਘ ਤੂੰ ਗੁਰਾਂ ਤੋਂ ਵਾਰੀ ਵਾਰੀ,
ਬਲਿਹਾਰ ਜਾਈਂ ਬਲਿਹਾਰ ਬੇਲੀ।

ਪੰਜ ਸੌ ਦੇ ਜਥੇ ਦਾ ਜਥੇਦਾਰ ਅਤੇ ਪੰਜ
ਪਿਆਰਿਆਂ ਨੇ ਸਜੇ ਦੀਵਾਨ ਵਿਚ ਫੋਟੋ
ਲਾਹੌਣੀ

ਪੰਜ ਪਿਆਰੇ ਸੀ ਵਿਚੋਂ ਸ਼ਹੀਦੀਆਂ ਦੇ,
ਖੜੇ ਹੋ ਗਏ ਬੰਨ ਕਤਾਰ ਜਾਨੀ।
ਵਢਾਲੇ ਖੜਾ ਸੀ ਪੰਜਾਂ ਪਿਆਰਿਆਂ ਦੇ,
ਪੰਜ ਸੈਂਕੜੇ ਦਾ ਜਥੇਦਾਰ ਜਾਨੀ।
ਹਥਾਂ ਵਿਚ ਕਿਰਪਾਨਾਂ ਸੁਹਾਂਦੀਆਂ ਸੀ,
ਗਲਾਂ ਵਿਚ ਸੁਹਾਂਵਦੇ ਹਾਰ ਜਾਨੀ।
ਸੋਹਣੀ ਬਣੀ ਸਜੋਟ ਪਿਆਰਿਆਂ ਦੀ,

ਭੁਖ ਜਾਂਦੀ ਸੀ ਕਰ ਦੀਦਾਰ ਜਾਨੀ।
ਨਾਲੇ ਜਥਾ ਸੀ ਨਿਰਮਲੇ ਸਾਧੂਆਂ ਦਾ,
ਪੌਂਦੇ ਪਏ ਨਰਸਿੰਗੇ ਦਮਕਾਰ ਜਾਨੀ।
ਆਈ ਪਾਲਕੀ ਗੁਰੂ ਗਰੰਥ ਜੀ ਦੀ,
ਸੋਹਨੀ ਲਗ ਰਹੀ ਗੁਲਜਾਰ ਜਾਨੀ।
ਹਰਮੰਦਰ ਸਾਹਿਬ ਦਰਵਾਜੇ ਤੇ ਖੜੇ ਭਾਈ,
ਫੋਟੋ ਵਾਲੜੇ ਹੋਏ ਤਿਆਰ ਜਾਨੀ।
ਫੋਟੋ ਵਾਲਿਆਂ ਵੀਰਾਂ ਨੇ ਖਿਚ ਫੋਟੋ,
ਸੋਹਣੀ ਲਈ ਤਸਵੀਰ ਉਤਾਰ ਜਾਨੀ।
ਦੇਣੀ ਸਿਖਿਆ ਕਹਿ ਸ਼ਹੀਦੀਆਂ ਨੂੰ,
ਭਾਗ ਸਿੰਘ ਖਲਾ ਜਥੇਦਾਰ ਜਾਨੀ।

### ਜਥੇਦਾਰ ਨ ਸ਼ਹੀਦੀ ਜਥੇ ਨੂੰ ਸਿਖਿਆ ਦੇਣੀ

ਜਥੇਦਾਰ ਨੇ ਆਖਿਆ ਖਾਲਸਾ ਜੀ,
ਮੇਰੀ ਬੇਨਤੀ ਕੰਨਾਂਚ ਪਾ ਲਓ।
ਅਗੇ ਗਿਆਂ ਨਾ ਮੱਤ ਨੁਕਸਾਨ ਪਹੁੰਚੇ,
ਸ਼ਾਂਤਮਈ ਨੂੰ ਰਿਦੇ ਵਸਾ ਲਓ।
ਤੁਸੀ ਤਖਤ ਅਕਾਲ ਖੜ ਪਰਣ ਕੀਤਾ,
ਏਸ ਪ੍ਰਣ ਨੂੰ ਪੂਰਾ ਨਿਭਾ ਲਓ।

ਮੱਤ ਦਾਗ ਨਾਂ ਸਿਖੀ ਨੂੰ ਲਗ ਜਾਵੇ,
ਜਥੇਦਾਰ ਦੀ ਆਗਿਆ ਪਾ ਲਓ।
ਜਾਬਰ ਦੇਣ ਫਾਂਸੀ ਭਾਵੇਂ ਜੇਹਲ ਸੁਟਣ,
ਤੁਸੀ ਸਬਰ ਦੀ ਤੇਗ ਬਣਾ ਲਓ।
ਗੋਲੀ ਜਬਰ ਦੀ ਚਲੇ ਜੇ ਭਾਗ ਸਿੰਘ,
ਸਤਿਨਾਮ ਦਾ ਬੰਬ ਚਲਾ ਲਓ।

ਸ਼ਹੀਦੀ ਜਥੇ ਨੇ ਅਕਲ ਤਖਤ ਦੇ ਹੁਕਮ ਨੂ
ਮੰਨਦੇ ਹੋਏ ਪੰਥ ਨੂ ਜਾਂਦੀ ਵਾਰ ਦਾ ਦਰਦ
ਭਰਿਆ ਸਨੇਹੜਾ ਦੇਣਾ

ਬਾਜਾਂ ਵਾਲੜੇ ਦੇ ਚਰਨਾਂ ਵਿਚ ਯਾਰੋ,
ਅਸੀ ਅਪਨੀਆਂ ਬਿਰਤੀਆਂ ਜੋੜ ਚਲੇ।
ਘਰ ਬਾਰ ਨੂੰ ਸੌਂਪਕੇ ਪੰਥ ਤਾਂਈ,
ਮਾਈ ਭੈਣ ਦਾ ਮੋਹ ਤਰੋੜ ਚਲੇ।
ਮਿਤਰ ਯਾਰ ਪਿਆਰਿਆਂ ਦਰਦੀਆਂ ਨੂੰ,
ਕੂੜ ਸਮਝਕੇ ਅਸੀ ਵਛੋੜ ਚਲੇ।
ਰਖੀ ਇਕ ਅਕਾਲ ਦੀ ਓਟ ਭਾਈ,
ਲੈਕੇ ਹੋਰਨਾਂ ਕਿਸੇ ਦੀ ਲੋੜ ਚਲੇ।
ੰਗ ਸਾਕ ਪਿਆਰਿਓ ਭਾਈਓ ਜੀ,

ਮੁੜਕੇ ਔਣ ਦੀਆਂ ਆਸਾਂ ਛੋੜ ਚਲੇ।
ਤੁਖਾ-ਗੰਗਸਰ ਜੀ ਜਾਬਰਾਂ ਜ਼ੁਲਮ ਕੀਤਾ,
ਅਤੇ ਅਸੀ ਆਜ਼ਾਦ ਕਰੌਣ ਚਲੇ।
ਪਿਆਰਾ ਜਗਦਾਏ ਸ਼ਮਾਦਾਨ ਓਥੇ,
ਅਸੀ ਧਰਮ ਪਤੰਗੇ ਬਣੌਣ ਚਲੇ।
ਬੂਟਾ ਸਿਖੀ ਦਾ ਪਾਣੀਓਂ ਬਿਨਾ ਸੁਕੇ,
ਅਸੀ ਆਪਣਾ ਖੂਨ ਪਲੌਣ ਚਲੇ।
ਤੋਪਾਂ ਬੀੜੀਆਂ ਨੇ ਜੈਤੋ ਜਾਬਰਾਂ ਨੇ,
ਹਸ ਹਸ ਸ਼ਹੀਦੀਆਂ ਪੌਣ ਚਲੇ।
ਮਤ ਦਾਗ ਨਾ ਸਿਖੀ ਨੂੰ ਲਗ ਜਾਵੇ,
ਖਾਤਰ ਧਰਮ ਦੀ ਗਲੇ ਕਟੌਣ ਚਲੇ।
ਬੂਟਾ ਸਿਖੀ ਦਾ ਜਾਬਰ ਉਖੇੜ ਦੇਨੇ,
ਅਸੀ ਜੜਾਂ ਪਤਾਲ ਲਗੌਣ ਚਲੇ।
ਦਮਕੇ ਸ਼ਾਂਤੀ ਦੀ ਤੇਗ ਭਾਗ ਸਿੰਘਾ,
ਸਚ ਝੂਠ ਦਾ ਜੰਗ ਮਚੌਣ ਚਲੇ।

### ਸਨੇਹੜਾ

ਸਾਡਾ ਪੰਥ ਦੇ ਤਾਂਈਂ ਸਨੇਹੜਾਏ,
ਅਸੀ ਹੋਇਕੇ ਬੜੇ ਨਿਹਾਲ ਚਲੇ।

75

ਘਰਬਾਰ ਦਾ ਮੋਹ ਤਿਆਗ ਕਰਕੇ,
ਸਤਿਗੁਰੂ ਦੇ ਬਣਕੇ ਲਾਲ ਚਲੇ।
ਭਾਈ ਭੈਣ ਵਛੋੜ ਪਿਆਰਿਆਂ ਨੂੰ,
ਲੜ ਫੜਖੇ ਇਕ ਅਕਾਲ ਚਲੇ।
ਜੈਤੋ ਜਾਇਕੇ ਗੋਲੀਆਂ ਖਾਵਣੇ ਨੂੰ,
ਦਸਵੇਂ ਗੁਰੂ ਦੇ ਨੇ ਨਿਹਾਲ ਚਲੇ
ਅਕੋਤਰ ਸੋ ਅਖੰਡ ਹੈ ਪਾਠ ਕਰਨਾ,
ਦਿਲ ਧਾਰਕੇ ਏਹੋ ਖਿਆਲ ਚਲੇ।
ਘਰੀ ਛੋਡਕੇ ਮਾਈਆਂ ਪਿਆਰੀਆਂ ਨੂੰ,
ਅਤੇ ਸੋਹਣੇ ਸੋਹਣੇ ਬਾਲ ਚਲੇ।
ਔਖੀ ਵੇਲੇ ਸਹੈਤਾ ਜਿਸ ਕਰਨੀ;
ਗੁਰੂ ਗ੍ਰੰਥ ਜੀ ਸ਼ੈਹਨਸ਼ਾਹ ਨਾਲ ਚਲੇ।
ਜੀਉਂਦੇ ਰਹੇ ਤਾਂ ਮਿਲਾਂਗੇ ਫੇਰ ਆਕੇ,
ਕਰਦੇ ਸ੍ਰੀ ਅਕਾਲ ਅਕਾਲ ਚਲੇ।
ਸੁਖੀ ਵਸਤੂ ਪੰਥਾ ਦਸਮੇਸ ਦਿਆ,
ਅਸੀ ਆਪਣੇ ਸਿਦਕ ਨੂੰ ਪਾਲ ਚਲੇ
ਭਾਗ ਸਿੰਘ ਅਖੀਰ ਦੀ ਫਤੇ ਸਾਡੀ,
ਮਨੀ ਸਿੰਘ ਦੀ ਪਕੜਕੇ ਚਾਲ ਚਲੇ

### ਸ਼ਹੀਦੀ ਜਥੇ ਸ੍ਰੀ ਅਕਾਲ ਤਖਤ ਅਰਦਾਸਾ ਸੋਧਕੇ ਬਜ਼ਾਰਾਂ ਵਿਚਦੀ ਜੈਤੋ ਨੂੰ ਰਵਾਨਾ ਹੋਣ

ਅਕਾਲ ਤਖਤ ਅਰਦਾਸੇ ਨੂੰ ਸੋਧਕੇ ਤੇ,
ਜਥਾ ਚਲਣੇਨੂੰ ਹੋਇਆ ਤਿਆਰ ਯਾਰੋ।
ਸੇਰ ਸੇਰ ਮਠਿਆਈ ਜਲੇਬੀਆਂ ਸੀ,
ਲਡੂ ਆਨ ਦਿਤੇ ਚਾਰ ਚਾਰ ਯਾਰੋ।
ਹੋਰ ਰਿਉੜੀ ਪਤਾਸੇ ਵੀ ਬਹੁਤ ਦਿਤੇ,
ਗਲੀ ਪਾਇਨੇ ਫੂਲਾਂ ਦੇ ਹਾਰ ਯਾਰੋ।
ਇਕ ੨ ਦਿਤਾ ਨਾਲ ਪ੍ਰਣ ਪਤਰ,
ਪੂਰਾ ਕਰਣਗੇ ਪਰਣ ਕਰਾਰ ਯਾਰੋ।
ਨਸ਼ਾਨ ਸਾਹਿਬਾਂ ਦੇ ਗਲੀ ਵੀ ਹਾਰ ਪਾਏ,
ਫੇਰ ਬੰਨ ਲੀਤਾ ਚਾਰ ਚਾਰ ਯਾਰੋ।
ਅਗੇ ਜਥਾ ਸੀ ਨਿਰਮਲੇ ਸਾਧੂਆਂ ਦਾ,
ਪਿਛੇ ਦਲ ਅਕਾਲੀ ਦੀ ਡਾਰ ਯਾਰੋ।
ਅਗੇ ਸਭ ਤੋਂ ਗੁਰੂ ਗ੍ਰੰਥ ਜੀ ਸੀ,
ਹੋਏ ਪਾਲਕੀ ਤੇ ਅਸਵਾਰ ਯਾਰੋ।
ਉਚੀ ਉਚੀ ਅਵਾਜ਼ ਨਰਸਿੰਗਿਆਂ ਦੀ,
ਪਵੇ ਵਾਜੇ ਦਾ ਖੂਬ ਦਮਕਾਰ ਯਾਰੋ।

ਪਿਛੇ ਸੋਂਵਦੀ ਫੌਜ ਅਕਾਲੀਆਂ ਦੀ,
ਅਗੇ ਕਲਗੀ ਧਰ ਦਤਾਰ ਯਾਰੋ।
ਬਿਗਲ ਵਜਦੇ ਚਲੇ ਜਲੂਸ ਸੋਹਣਾ,
ਪਈ ਹੋਂਵਦੀ ਸੀ ਜੈ ਜੈ ਕਾਰ ਯਾਰੋ।
ਸੋਹਣਾ ਬਣ ਜਲੂਸ ਅਕਾਲੀਆਂ ਦਾ,
ਸਿਧਾ ਗਿਆ ਸੀ ਹਾਲ ਬਜ਼ਾਰ ਯਾਰੋ।
ਸਾਰੇ ਸ਼ੈਹਰ ਦੇ ਵਿਚ ਦੀ ਹੋ ਕਰਕੇ,
ਭਗਤਾਂ ਵਾਲੜੇ ਨਿਕਲਿਆ ਬਾਰ ਯਾਰੋ।
ਐਨਾ ਵੇਖਿਆ ਦਾਸ ਨੇ ਭਾਗ ਸਿੰਘਾ,
ਅਗੇ ਜਾਣਦਾਏ ਕਰਤਾਰ ਯਾਰੋ।
ਪੈਹਲਾ ਹਿਸਾ ਮੈਂ ਅਜੇ ਤਿਆਰ ਕੀਤਾ,
ਅਤੇ ਦੂਜੇ ਨੂੰ ਹੁਣੇ ਬਣਾ ਦੇਸਾਂ।
ਜੈਤੋ ਗਏ ਸ਼ਹੀਦਾਂ ਦੇ ਨਾਲ ਜੇਹੜਾ,
ਹਾਲ ਵਰਤੇਗਾ ਓਵੀ ਸੁਣਾ ਦੇਸਾਂ।
ਥੋੜੀ ਡੇਰ ਹੀ ਠੈਰ ਜੋ ਖਾਲਸਾ ਜੀ,
ਹਾਲ ਅਗਲਾ ਦੇਖ ਬਣਾ ਦੇਸਾਂ।
ਕਰਕੇ ਦੂਸਰਾ ਹਿਸਾ ਤਿਆਰ ਭਾਈ,
ਭਾਗ ਸਿੰਘ ਮੈਂ ਹੁਣੇ ਛਪਾ ਦੇਸਾਂ।

# ਸਦਾ ਯਾਦ ਰਖੋ !

ਕਿ ਅਸੀ ਆਪਨੂੰ ਹਰ ਵੇਲੇ ਹਰ ਕਿਸਮ ਦੀਆਂ ਕ੍ਰਿਪਾਨਾਂ ਬੜੀ ਰਿਐਤ ਨਾਲ ਭੇਜ ਸਕਦੇ ਹਾਂ। ਇਕ ਵਾਰ ਜ਼ਰੂਰ ਮੰਗਵਾਕੇ ਅਜ਼ਮਾਉ। ਵੇਰਵਾ ਹੇਠਾਂ ਦਿਤਾ ਜਾਂਦਾ ਹੈ॥

ਕ੍ਰਿਪਾਨ ਤਿੰਨ ਫੁਟ ਕੂਚ ਫੈਸ਼ਨ ਯਾਂ ਤਲਵਾਰ ਫੈਸ਼ਨ ਭੇਟਾ ਰਿਐਤੀ ੧੦)
,, ਢਾਈ ਫੁਟ ਸੁੰਦਰ ਨਿਕਲ ਵਾਲੀ ਭੇਟਾ ੯)
,, ਡੇਢ ਫੁਟ ਲੋਹਾ ੪) ਤੇ ਸਿਪਵਾਲੀ ੭॥)
,, ਇਕ ਫੁਟ ਕਲਿਪਾਂ ਵਾਲੀ ਫੈਨਸੀ ੩) ਤੇ ੯ ਇੰਚੀ ੨)
,, ਇਕ ਫੁਟ ਸਿਆਲਕੋਟ ਫੈਸ਼ਨ ਨਿਕਲ ਕੀਤੀਹੋਈ ੨॥)
,, ਇਕ ਫੁਟ ਪਿਤਲ ਮੁਠ ੨) ਤੇ ੯ ਇੰਚੀ ੧॥=) ਤੇ ੨)
,, ਇਕ ਫੁਟ ਕਾਬਲੀ ਫੈਸ਼ਨ ਨਿਕਲ ਕੀਤੀ ਹੋਈ ਭੇਟਾ ੨।)
,, ਇਕ ਫੁਟ ਸਰਬਲੋਹ ਭੇਰਾ ਫੈਸ਼ਨ ੧॥) ਤੇ ੯ ਇੰਚੀ ੧॥)
,, ੯ ਇੰਚੀ ਦਸਤਾ ਸਿਪ ੩=)
,, ੯ ਇੰਚੀ ਸਿਆਲਕੋਟ ਫੈਸ਼ਨ ਨਿਕਲ ੨)
ਚਮੜੇ ਦੇ ਗਾਤਰੇ ੧।), ੧), ॥), ਅਤੇ ॥)
ਬਚਿਆਂ ਦੇ ਚਮੜੇ ਦੇ ਗਾਤ੍ਰੇ ॥=), ॥), ਗਾਤ੍ਰਾ ਖਦਰ ਫੁਲਦਾਰ।), ਤੇ।=)

ਨੋਟ—ਆਰਡਰ ਦੇਨ ਵੇਲੇ ਇਸ ਕਿਤਾਬ ਦਾ ਹਵਾਲਾ ਜ਼ਰੂਰ ਦੇਣ ਦੀ ਖੇਚਲ ਕਰਨੀਜੀ।

ਪੁਸਤਕਾਂ, ਕੰਘੇ, ਕੜੇ, ਕ੍ਰਿਪਾਨਾਂ ਅਤੇ ਅੰਮ੍ਰਿਤਸਰ ਦੀ ਹਰ ਇਕ ਵਸਤੂ ਮੰਗਾਨ ਦਾ ਪਤਾ:—

## ਭਾਈ ਮਨੀ ਸਿੰਘ ਐਂਡ ਕੰਪਨੀ

ਕ੍ਰਿਪਾਨਾਂ ਵਾਲੇ, ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ

# ਸੁੰਦਰ ਗੁਟਕਾ

ਪ੍ਰੇਮੀ ਗੁਰ ਸਿਖਾਂ ਦੇ ਲਾਭ ਹਿਤ ਬੜੇ ਯਤਨ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਕੇਵਲ ਬੇਨਤੀਆਂ ਦੇ ਸ਼ਬਦ ਸੰਗ੍ਰਹਿ ਕਰਕੇ ਪ੍ਰਕਾਸ਼ਤ ਕੀਤੇ ਹਨ, ਇਨ੍ਹਾਂ ਸ਼ਬਦਾਂ ਦਾ ਗੁਟਕਾ ਬੜੇ ਸੁੰਦਰ ਕਾਗਜ਼ਾਂ ਪਰ ਅਤੀ ਖੂਬਸੂਰਤ ਛਪਿਆ ਹੋਇਆ ਹੈ, ਜਿਸ ਵਿਚ ੩੦੦ ਤੋਂ ਵਧੀਕ ਸ਼ਬਦ ਹਨ ਤੇ ੩੨੦ ਸਫ਼ਿਆਂ ਦਾ ਗੁਟਕਾ ਹੈ, ਮੋਖ ਬਗੈਰ ਜਿਲਦ ।।) ਅਤੇ ਸੁੰਦਰ ਜਿਲਦ ਸਮੇਤ ।।।) ਫੀ ਕਾਪੀ । ਵਿਪਾਰੀਆਂ ਲਈ ਖਾਸ ਰਿਆਇਤਾਂ ਹਨ ।

# ਧਰਮ ਤੇ ਸਦਾਚਾਰ

ਰਚਤ ਸ: ਸਾਹਬ ਸਿੰਘ ਮਕੱਤ੍ਰ ਸਰੋਮਨੀ ਗੁਰਦੁਵਾਰਾ ਕਮੇਟੀ ਹੈ ਜੋ ਭਾਵੇਂ ਰੂਸਦੇ ਪ੍ਰਸਿਧ ਵਿਦਵਾਨ ਤੇ ਮਹਾਂ ਪੁਰਸ਼ ਟਿਸ਼ਟਾਲ ਸਟਾਈ ਦੇ ਅਧਾਰ ਤੇ ਲਿਖੀ ਗਈ ਏ, ਪਰ ਗੁਰਬਾਣੀ ਤੇ ਗੁਰ ਸਿਖੀ ਦੇ ਅਸੂਲਾਂ ਦੇ ਉਚੇ ਅਤੇ ਸਚੇ ਭਾਵਾਂ ਨੂੰ ਖੋਲ੍ਹਕੇ ਭਲੀ ਪਰਕਾਰ ਦਸਿਆ ਹੈ, ਤੇ ਸਚ ਦੇ ਖੋਜੀਆਂ ਵਾਸਤੇ ਇਹ ਪੁਸਤਕ ਇਕ ਅਨਮੋਲ ਰਤਨ ਹੈ, ਮੋਖ ਕੇਵਲ ।।)

ਮਿਲਨ ਦਾ ਪਤਾ:-

ਮੈਨੇਜਰ ਕਾਰੋਨੇਸ਼ਨ ਪ੍ਰਿੰਟਿੰਗ ਵਰਕਸ

ਕਟੜਾ ਰਾਮਗੜ੍ਹੀਆਂ, ਅੰਮ੍ਰਿਤਸਰ

੧ ਓ ਸਤਿਗੁਰਪ੍ਰਸਾਦਿ ॥

## ਗੁਰਦ੍ਵਾਰਾ ਗੰਗਸਰ ਵਿਚ

# ਸ਼ਾਂਤਮਈ ਜੰਗ

ਖ਼ੂਨ ਦੇ ਪ੍ਰਨਾਲੇ ਦਾ

## ਹਿਸਾ ਦੂਜਾ

ਕਰਤਾ ਪ੍ਰਕਾਸ਼ਕ

**ਭਾਈ ਭਾਗ ਸਿੰਘ ਨਿਧੜਕ**

ਮੈਂਬਰ ਸ਼ਹੀਦੀ ਜਥਾ ਨੰ: ੨

(ਮਿਲਨ ਦਾ ਪਤਾ ਇਹ ਹੈ)

**ਗੁਰਚਰਨ ਬੁਕ ਏਜੰਸੀ**

ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

---

ਕਾਰੋਨੇਸ਼ਨ ਪ੍ਰਿੰਟਿੰਗ ਵਰਕਸ ਅੰਮ੍ਰਿਤਸਰ ਵਿਚ
ਭਾਈ ਰਤਨ ਸਿੰਘ ਜ਼ਾ ਮੈਨੇਜਰ ਤੇ ਪ੍ਰਿੰਟਰ ਦੇ
ਪ੍ਰਬੰਧ ਨਾਲ ਛਪਿਆ ॥

ਸਭ ਹਕ ਰਾਖਵੇਂ ਹਨ ਮੂਲ =)

੧ ੴ ਸਤਿਗੁਰਪ੍ਰਸਾਦਿ ॥

## ਤੇਰਾ ਜਾਬਰਾਂ ਚਮਨ ਬਰਬਾਦ ਕੀਤਾ !

ਵਲੋਂ ਸ੍ਰੀ ਮਾਨ ਭਾਈ ਕਸ਼ਮੀਰਾ ਸਿੰਘ ਜੀ

(ਚਮਨ, ਫਗਵਾੜਾ।)

ਐ ਉਪਕਾਰਾਂ ਦੇ ਸੋਮੇ ਦਸਮੇਸ਼ ਗੁਰ ਜੀ,
ਦੁਖੀ ਹਿੰਦ ਨੂੰ ਦੁਖੋਂ ਛੁਡਾਨ ਵਾਲੇ।
ਪਿਆਰੇ ਪਿਤਾ ਨੂੰ ਕੀਤਾ ਕੁਰਬਾਨ ਹਥੀਂ,
ਪੁਤ੍ਰ ਵਾਰਕੇ ਲੋਕਾਂ ਬਚਾਨ ਵਾਲੇ।
ਨੰਗੇ ਪੈਰਾਂ ਤੇ ਫਿਰਦਿਆਂ ਪਏ ਛਾਲੇ,
ਕਸ਼ਟ ਝੱਲ ਨਾ ਕਦੇ ਘਬਰਾਨ ਵਾਲੇ।
ਸਦਾ ਜ਼ੁਲਮ ਦਾ ਟਾਕਰਾ ਕਰਨ ਖਾਤਰ,
ਧਰਮੀ ਤੀਸਰਾ ਪੰਥ ਚਲਾਨ ਵਾਲੇ।
ਉਸੇ ਪੰਥ ਉਤੇ ਹੁੰਦੇ ਜ਼ੁਲਮ ਸ਼ਾਹੀਆਂ,
ਆਕੇ ਵੇਖ ਲੈ ਜਿਵੇਂ ਫਸਾਦ ਕੀਤਾ।
ਫੁਲ ਤੋੜਦੇ ਮਾਰਦੇ ਬੁਲਬੁਲਾਂ ਨੂੰ,
ਤੇਰਾ ਜਾਬਰਾਂ 'ਚਮਨ' ਬਰਬਾਦ ਕੀਤਾ ॥੧॥

ਤੇਰੇ ਬਾਝ ਸਾਡਾ ਏਥੇ ਕੌਣ ਦਰਦੀ,
ਏਹਨਾਂ ਭੁਲਿਆਂ ਨੂੰ ਰਾਹੇ ਪਾ ਸਾਈਆਂ।
ਲੈਕੇ ਬਾਜ਼ ਆਜਾ ਸਭ ਤਾਜ ਆਜਾ,
ਅੱਤਾ ਜ਼ੁਲਮ ਦੀ ਆਣ ਬੁਝਾ ਸਾਈਆਂ।
ਏਡਾ ਕੈਹਰ ਨਾ ਕਰ ਹੁਣ ਬਾਜ ਆਜਾ,
ਨੌਕਰਸ਼ਾਹੀ ਨੂੰ ਆਖ ਸੁਨਾ ਸਾਈਆਂ।
ਅਸੀ ਆਖ ਥੱਕੇ ਇਹ ਨਾ ਬਾਜ ਆਏ,
ਰਹੇ ਜ਼ਖਮਾਂ ਤੇ ਲੂਣ ਛਿੜਕਾ ਸਾਈਆਂ।
ਤੇਰੇ ਬਾਗ਼ ਨੂੰ ਜਿਵੇਂ ਉਜਾੜਿਆ ਸੇ,
ਐਪਰ ਕੰਮ ਨ ਦੇ ਜੱਲਾਦ ਕੀਤਾ।
ਫੁਲ ਤੋੜਦੇ ਮਾਰਦੇ ਬੁਲਬੁਲਾਂ ਨੂੰ,
ਤੇਰਾ ਜਾਬਰਾਂ (ਚਮਨ) ਬਰਬਾਦ ਕੀਤਾ।੨।
ਕੇਹੜੇ ਜਾਬਰਾਂ ਦੇ ਦੱਸਾਂ ਕਾਰਨਾਮੇ,
ਪੈਂਦੀ ਗੋਲੀਆਂ ਦੀ "ਵੈਤ" ਮਾਰ ਸਾਈਆਂ।
ਨੰਗਸਰ ਗੁਰਦੁਆਰੇ ਨੂੰ ਜਾਣ ਵੜਣ,
ਛਣਕੇ ਬੁਲਬੁਲਾਂ ਦੀ ਸੋਹਣੀ ਡਾਰ ਮੋਈਆਂ।
ਸ਼ਬਦ ਪੜ੍ਹਦਿਆਂ ਨੂੰ ਭਜਨ ਕਰਦਿਆਂ ਨੂੰ,
ਹੁੰਦੇ ਗਨ ਮਸ਼ੀਨਾਂ ਦੇ ਵਾਰ ਸਾਈਆਂ।

ਜੀਉਂਦੇ ਤੜਫਦੇ ਸਹਿਕਦੇ ਲੁਸਦਿਆਂ ਨੂੰ,
ਸਾੜ ਰਹੇ ਨੇ ਤੇਰੇ ਦਰਬਾਰ ਸਾਈਆਂ।
ਇਹਨਾਂ ਨਵੇਂ ਪੁਜਾਰੀਆਂ ਗਜ਼ਬ ਕੀਤਾ,
ਅਸੀਂ ਚਾਹੁੰਦੇ ਜਿਨੂੰ ਆਜ਼ਾਦ ਕੀਤਾ।
ਫੁੱਲ ਤੋੜਦੇ ਮਾਰਦੇ ਬਲਬੁਲਾਂ ਨੂੰ,
ਤੇਰਾ ਜਾਬਰਾਂ (ਚਮਨ) ਬਰਬਾਦ ਕੀਤਾ ॥ ੨ ॥

ਬੈਂਤ

ਭਗਤਾਂ ਵਾਲੇ ਦਰਵਾਜਿਓਂ ਨਿਕਲ ਕੇਤੇ,
ਜਥਾ ਜੈਤੋ ਨੂੰ ਰਵਾਂ ਹੋ ਜਾਂਵਦਾ ਸੀ।
ਹਰ ਇਕ ਪੜਾਹ ਤੇ ਖਾਲਸਾ ਜੀ,
ਕਰਕੇ ਧਰਮ ਪ੍ਰਚਾਰ ਸੁਣਾਂਵਦਾ ਸੀ।
ਨਾਲੇ ਆਸਾ ਦੀ ਵਾਰ ਸੀ ਨਿਤ ਲਗਦੀ,
ਭੋਗ ਹਰ ਪੜਾਹ ਤੇ ਪਾਂਵਦਾ ਸੀ।
ਵੀਹ ਤਰੀਕ ਨੂੰ ਸੀ ਜਥਾ ਭਾਗ ਸਿੰਘਾ,
ਦਾਖਲ ਪਿੰਡ ਬਰਗਾੜੀ ਹੋ ਜਾਂਵਦਾ ਸੀ।

ਤਬਾ

ਇਕੀ ਫਰਵਰੀ ਜਥਾ ਸ਼ਹੀਦੀਆ ਦਾ,
ਤੁਰਿਆ ਪਿੰਡ ਬਰਗਾੜੀ ਤੋਂ ਜਾਨ ਭਾਈ

ਚਾਰ ਕੋਸ ਓਦੋਂ ਪੈਂਡਾ ਦਸਦੇ ਨੇ,
ਜੈਤੋ ਵਲ ਸੀ ਹੋਇਆ ਰਤੀ ਨਾ ਭਾਈ।
ਆਗੇ ਜਥੇ ਦੇ ਗੁਰੂ ਗ੍ਰੰਥ ਜੀ ਸੀ,
ਲੋਕੀ ਜਿਨ੍ਹਾਂ ਦੀ ਓਟ ਰਵਾਨ ਭਾਈ।
ਚਾਲੀ ਚਾਲੀ ਸੀ ਗਜ ਦੇ ਫੈਸਲੇ ਤੇ,
ਪੈਹਰੇ ਲਗੇ ਸੀ ਪੁਲਸ ਦੇ ਆਨ ਭਾਈ।
ਲੈਕੇ ਜੈਤੋ ਤੇ ਪਿੰਡ ਬਰਗਾੜੀ ਤਾਂਈਂ,
ਫੌਜੀ ਦੋਹਾਂ ਦੇ ਖੜੇ ਦਰਮਿਆਨ ਭਾਈ।
ਪੈਹਰੇ ਜਾਇਕੇ ਨਾਭੇ ਦੇ ਅਫਸਰਾਂ ਨੂੰ,
ਮਿੰਟ ਮਿੰਟ ਤੇ ਖਬਰ ਪਚਾਨ ਭਾਈ।
ਦਬਾਦਬ ਜਥਾ ਅਗੇ ਆਂਵਦਾਏ,
ਜਾਏ ਅਫਸਰਾਂ ਤਾਂਈਂ ਸੁਣਾਨ ਭਾਈ।
ਗੰਗਸਰ ਦਾ ਕਰਣ ਸੁਧਾਰ ਆਏ,
ਮੁਖੋਂ ਪਏ ਗੁਰਬਾਣੀਆਂ ਗਾਨ ਭਾਈ।
ਪਬਲਕ ਹੋਰ ਸੀ ਜਥੇ ਦੇ ਨਾਲ ਬਹੁਤੀ,
ਦਸ ਹਜ਼ਾਰ ਤੋਂ ਯਾਦਾ ਪਛਾਨ ਭਾਈ।
ਪਹਿਲਾ ਜਥੇ ਦੇ ਜਾਣ ਤੋਂ ਭਾਗ ਸਿੰਘਾ,
ਮੋਟਰ ਜਾਏ ਪੁਜੀ ਇਕ ਜਾਨ ਭਾਈ।

ਤਥਾ

ਮੋਟਰ ਦੇ ਵਿਚ ਡਾਕਟਰ ਕਿਚਲੂ ਤੇ ਪ੍ਰੋਫੈਸਰ ਗਿਡਵਾਨੀ ਅਮਰੀਕਾ ਦੀ ਅਖਬਾਰ ਦਾ ਨਿਊਯਾਰਕ ਨਿਊ ਟਾਈਮਜ਼ ਦਾ ਪਰਤੀ ਨਿਧ ਇਕ ਅੰਗ੍ਰੇਜ਼ ਵੀ ਸੀ ਅਤੇ ਮੋਟਰ ਓਥੇ ਪੁਜੀ ਜਿਥੇ ਨਾਭਾ ਤੇ ਫਰੀਦਕੋਟ ਆਪਸ ਮੇਂ ਮਿਲਦੀਆਂ ਹਨ।

ਐਜਨ

ਜਿਥੇ ਦੋਵੇਂ ਰਿਆਸਤਾਂ ਮਿਲਦੀਆਂ ਨੇ,
ਓਸ ਜਗਾ ਮੋਟਰ ਪੁਜੀ ਜਾਏ ਭਾਈ।
ਬਚਨ ਸਿੰਘ ਅਫਸਰ ਅਤੇ ਹੋਰ ਫੌਜੀ,
ਓਥੇ ਸੀ ਬੈਠੇ ਪੈਹਰੇ ਲਾਏ ਭਾਈ।
ਮੋਟਰ ਰੋਕ ਲੀਤੀ ਓਨਾ ਜਾਲਮਾਂ ਨੇ,
ਪਾਪੀ ਆਖਦੇ ਅਗੋਂ ਸੁਣਾਏ ਭਾਈ।
ਰਿਆਸਤ ਵਿਚ ਨਾ ਵੜਨ ਦਾ ਹੁਕਮ ਥੋਨੂੰ,
ਦਿਤਾ ਚਿਟਾ ਜੁਵਾਬ ਸੁਣਾਏ ਭਾਈ।

ਡਾਕਟਰ ਕਿਚਲੂ

ਬਚਨ ਸਿੰਘ ਜੀ ਆਪ ਨਹੀਂ ਰੋਕ ਸਕਦੇ,
ਡਾਕਟਰ ਕਿਚਲੂ ਨੇ ਆਖ ਸੁਣਾਏ ਦਿਤਾ।
ਸਾਡੇ ਰੋਕਣੇ ਲਈ ਐ ਹੁਕਮ ਜੇਹੜਾ,

ਲਿਆਓ ਸਾਨੂੰ ਵਖਾਓ ਅਲਾਏ ਦਿਤਾ।
ਨੋਟਸ ਸੀ ਜੋ ਜਥੇ ਦੇ ਰੋਕਣੇ ਲਈ,
ਬਚਨ ਸਿੰਘ ਨੇ ਕਢ ਫੜਾਇ ਦਿਤਾ।
ਭਾਗ ਸਿੰਘ ਰਿਆਸਤੇ ਰਹੇ ਪਿਛੇ,
ਮੂਖ ਭਰਕੇ ਆਖ ਸੁਣਾਏ ਦਿਤਾ।

ਤਥਾ

ਬਚਨ ਸਿੰਘ ਨੇ ਕਢਕੇ ਖਾਲਸਾ ਜੀ,
ਨੋਟਸ ਕਿਚਲੂ ਦੇ ਤਾਈਂ ਫੜਾਇਆ ਸੀ।
ਪਾਠ ਕਰਨ ਔਂਦਾ ਜਥਾ ਪੰਜ ਸੌ ਦਾ,
ਜੇਹੜਾ ਉਸਦੇ ਲਈ ਬਣਾਇਆ ਸੀ।
ਪੜ੍ਹਕੇ ਵੇਖਿਆ ਜਾਂ ਕਿਚਲੂ ਤ ਕਟਕ ਨੇ,
ਵਿਚ ਉਸਦੇ ਹੁਕਮ ਸੁਣਾਇਆ ਸੀ।
ਪੰਜਾਹ ਸਿੰਘਾਂ ਦਾ ਜਥਾ ਆ ਪਠ ਕਰਲੈ,
ਦਿਆਲੂ ਬੂਚੜ ਨੇ ਆਖ ਸੁਣਾਇਆ ਸੀ।
ਕਰਕੇ ਪਾਠ ਰਿਆਸਤੋਂ ਬਾਹਰ ਹੋਜੇ,
ਹਤਿਆਰਿਆਂ ਮੁਖੋਂ ਅਲਾਇਆ ਸੀ।
ਭਾਗ ਸਿੰਘ ਏਹ ਪਤਾ ਨਹੀਂ ਰਮਜ ਗੁਜੀ,
ਜੁਲਮ ਕਰਨਦਾ ਮਤਾ ਪਕਇਆ ਸੀ।

ਡਾਕਟਰ ਕਿਚਲੂ

ਨੋਟਸ ਥੋੜਾਂ ਏਹ ਜਥੇ ਨੂੰ ਰੋਕਣੇ ਦਾ,
ਡਾਕਟਰ ਕਿਚਲੂ ਸੀ ਆਖ ਸੁਣਾਂਵਦਾਏ।
ਸਾਡੇ ਤਾਈ ਰੁਕਾਵਟਾਂ ਪਾਈਆਂ ਕਿਉਂ,
ਕਿਚਲੂ ਪਾਪੀਆਂ ਤਾਂਈਂ ਅਲਾਂਵਦਾਏ।
ਬਚਨ ਸਿੰਘ ਜੀ ਆਪਨਾ ਰੋਕੋ ਸਾਨੂੰ,
ਏਨੀ ਕਹਿਕੇ ਨੋਟਸ ਫੜਾਂਵਦਾਏ।
ਭਾਗ ਸਿੰਘ ਪੁਕਾਰਕੇ ਜ਼ਾਲਮਾ ਨੂੰ,
ਮੋਟਰ ਗਹਾਂ ਨੂੰ ਤੋਰ ਲੈ ਆਂਵਦਾਏ।

ਬਚਨ ਸਿੰਘ

ਬਚਨ ਸਿੰਘ ਨੇ ਆਖਿਆ ਠੈਹਰ ਜਾਵੋ,
ਹੁਣੇ ਛੇਤੀ ਅਸਵਾਰ ਦੁੜਾਂਵਦਾ ਹਾਂ।
ਥੋੜਾ ਹਾਲ ਸਾਹਾ ਵਡੇ ਅਫਸਰਾਂ ਨੂੰ,
ਜਾਏ ਛੇਤੀ ਤੋਂ ਛੇਤੀ ਪੁਚਾਂਵਦਾ ਹਾਂ।
ਥੋੜੇ ਲਈ ਜੋ ਦੇਣਗੇ ਹੁਕਮ ਅਫਸਰ,
ਥੋਨੂ ਸਾਰਾ ਹੀ ਪਤਾ ਮੰਗਾਂਵਦਾ ਹਾਂ।
ਭਾਗ ਸਿੰਘ ਅਸਵਾਰ ਨੂੰ ਭੇਜ ਦਿਤਾ,
ਕਹਿੰਦਾ ਠੈਹਰ ਜੋ ਹੁਣੇ ਸੁਣਾਂਵਦਾ ਹਾਂ।

ਚਲ ਸਿੰਘ ਨੇ ਕੋਈ ਜਬਾਬ ਨਾ ਦਿਤਾ
ਅਤੇ ਨਾਹੀ ਅਗੇ ਜਾਣ ਦਿਤਾ
ਜਥੇ ਦਾ ਜੈਤੋ ਪੁਜਣਾ

ਜਥਾ ਪੁਜਿਆ ਜਾਂ ਸਰਹਦ ਕੋਲੇ,
ਜਥੇਦਾਰ ਦੇ ਅੰਦਰ ਖਿਆਲ ਆਏ।
ਪਬਲਕ ਨਾਲ ਤੁਰੀ ਬਹੁਤੀ ਆਂਵਦੀਏ,
ਨਿਕੇ ਨਿਕੇ ਭੁਝੰਗੀ ਸੀ ਬਾਲ ਆਏ।
ਮਤ ਅਗੇ ਨਾ ਗਿਆਂ ਨੁਕਸਾਨ ਪਹੁੰਚੇ,
ਮੋੜ ਦੇਵੀਏ ਵੀਰ ਜੋ ਨਾਲ ਆਏ।
ਮਾਈਆਂ ਬਹੁਤ ਤੇ ਗਿਣਤੀ ਨਾ ਦਸ ਸਕਾਂ,
ਕੁਛੜ ਜਿਨਾਂ ਦੇ ਸੀ ਸੋਹਣੇ ਲਾਲ ਆਏ।
ਚਾਰ ਰੋਜ ਹੈ ਜੀਵਣਾ ਜੱਗ ਉਤੇ,
ਅੰਤਸ਼ ਕਰਣ ਮੈਂ ਧਾਰ ਖਿਆਲ ਆਏ।
ਹਥ ਬੰਨ੍ਹ ਆਖੇ ਜਥੇਦਾਰ ਭਾਈ,
ਪਿਛੇ ਮੁੜੋ ਇਹ ਸਾਡੇ ਸੁਵਾਲ ਆਏ।
ਅਸੀ ਧਾਰਕੇ ਪਰਾਣ ਹਾਂ ਸ਼ਾਂਤੀ ਦਾ,
ਅਰਦਾਸਾ ਸੋਧਕੇ ਤਖਤ ਅਕਾਲ ਆਏ।
ਪਬਲਕ ਆਖਿਆ ਸੁਣੋ ਸਵਾਲ ਸਾਡਾ,

ਕਲਗੀ ਵਾਲੇ ਦੇ ਅਸੀ ਵੀ ਲਾਲ ਆਏ।
ਪਰਣ ਧਾਰ ਲਿਆ ਅਸੀ ਵੀ ਸ਼ਾਂਤੀ ਦਾ,
ਅਤੇ ਮਰਣ ਨੂੰ ਹਾਂ ਥੋੜੇ ਨਾਲ ਆਏ।
ਤੁਸੀ ਤਖਤ ਅਕਾਲ ਹੈ ਪਰਣ ਕੀਤਾ,
ਅਸੀ ਰਖਕੇ ਓਟ ਅਕਾਲ ਆਏ।
ਥੋੜੇ ਨਾਲ ਹੈ ਅਸੀ ਸ਼ਹੀਦ ਹੋਣਾ,
ਸੀਸ ਗੁਰੂ ਦੇ ਹਥ ਫੜਾਲ ਆਏ।
ਜਥਾ ਪੁਜਿਆ ਹਦ ਤੇ ਭਾਗ ਸਿੰਘਾ,
ਜੈਕਾਰੇ ਛੱਡਦੇ ਨੇ ਨਿਹਾਲ ਹੋਏ।

ਐਜਨ

ਸਿੰਘਾਂ ਛਡ ਜੈਕਾਰੇ ਨੂੰ ਖਾਲਸਾ ਜੀ,
ਗੰਗਸਰ ਨੂੰ ਪੈਰ ਉਠਾਇਆ ਸੀ।
ਦੋ ਮੀਲ ਤਾਈਂ ਓਹਨਾਂ ਜ਼ਾਲਮਾਂ ਨੇ,
ਖੁਫੀਆ ਤੌਰ ਸੇ ਰਸਤਾ ਬਣਾਇਆ ਸੀ।
ਤਾਰਾਂ ਕੰਡਿਆਂ ਵਾਲੀਆਂ ਵੂਗਲੀਆਂ ਸੀ,
ਪੈਹਰਾ ਚਾਰ ਚੁਫੇਰ ਲਗਾਇਆ ਸੀ।
ਰਸਤਾ ਵੇਖਕੇ ਸਿੰਘਾਂ ਨੇ ਭਾਗ ਸਿੰਘਾ,
ਟਿਬੀ ਸਾਹਿਬ ਨੂੰ ਪੈਰ ਵਧਾਇਆ ਸੀ।

ਓਸ ਰਸਤੇ ਦਾ ਏਹੋਈ ਮਤਲਬ ਸੀ ਕੇ ਓਹਨਾਂ ਨੇ ਓਸ ਰਸਤੇ ਵਿਚ ਗਨ ਮਸ਼ੀਨ ਰਖੀ ਸੀ ਅਤ ਭਾਵ ਕੀ ਸੀ ਏਸ ਰਸਤੇ ਵਿਚ ਜਥੇ ਨੂੰ ਲਿਆ ਕੇ ਮਾਰ ਦਿਤਾ ਜਾਵੇਗਾ ਅਤੇ ਨਾਲਦੀ ਪਬਲਕ ਨੂੰ ਪਾਸ ਕੀਤਾ ਜਾਵੇਗਾ ਪਰ ਸਿੰਘਾਂ ਨੂੰ ਅਕਾਲ ਪੁਰਖ ਨੇ ਓਸ ਰਸਤਿਓਂ ਮੋੜਕ ਗੁਰਦਵਾਰਾ ਟਿਬੀ ਸਾਹਿਬ ਨੂੰ ਕੀਤਾ ਗਿਆ ਜਿਸ ਵਿਚ ਅਗੇ ਗੋਰਖੀਆਂ ਦੀ ਫੌਜ ਗਨਾਂ ਮਸ਼ੀਨਾਂ ਲੈਕੇ ਅਤੇ ਮੋਰਚੇ ਲਾਈ ਬੈਠੀ ਸੀ ਜਥਾ ੮੦੦ ਗਜ ਟਿਬੀ ਸਾਹਿਬ ਤੋਂ ਸੀ ਜਦੋਂ ਗੁਰਦਿਆਲੂ ਅਤ ੨ ਹੋਰ ਅਫਸਰਾਂ ਨੇ ਨੋਟਸ ਪੜ੍ਹਕੇ ਸੁਣਾਇਆ ਤੇ ਪਬਲਕ ਜਿਆਦਾ ਹੋਣ ਕਰਕੇ ਕੋਈ ਪਤਾ ਨਹੀਂ ਲਗਾ ਸੀ ਅਤੇ ਸਿੰਘ ਟਿਬੀ ਸਾਹਿਬ ਨੂੰ ਵਹੀਰਾਂ ਘਤੀ ਜਾਂਦੇ ਸਨ।

ਬੈਂਤ

ਮੂਖ ਰਖਕੇ ਸਚ ਨੂੰ ਖਾਲਸਾ ਜੀ,
ਸਿੰਘ ਜ਼ੁਲਮ ਦੇ ਨਾਲ ਸੀ ਲੜਨ ਜਾਂਦੇ।
ਸ਼ਮਾਂ ਦਾਨ ਦੀ ਮੱਚਦੀ ਲਾਟ ਅਗੇ,
ਅਤੇ ਧਰਮੀ ਪਤੰਗੇ ਸੀ ਲੜਨ ਜਾਂਦੇ।
ਸੂਲੀ ਮੌਤ ਦੀ ਅਗੇ ਉਡੀਕਦੀ ਸੀ,

ਹਸ ਹਸ ਵੇਖੋ ਸਿੰਘ ਚੜਨ ਜਾਂਦੇ।
ਤੇਰੇ ਵੀਰ ਸੋਹਣੇਂ ਪਿਆਰੇ ਭਾਗ ਸਿੰਘਾ,
ਚਲਣ ਗੋਲੀਆਂ ਤੇ ਅਗੇ ਖੜਨ ਜਾਂਦੇ।

ਵਾਕ ਕਵੀਸ਼ਰ

ਟਿਬੀ ਸਾਹਿਬ ਕੋਲੋ ਜਥਾ ਪੁਜਿਆ ਸੀ,
ਛੇਤੀ ਜ਼ਾਲਮਾਂ ਰੋਕਿਆ ਆਇ ਅਗੋਂ।
ਮੁਖੋਂ ਬੋਲ ਹਤਿਆਰਿਆ ਪਾਪੀਆਂ ਨੇ,
ਦਿਤਾ ਧਰਮੀਆਂ ਤਾਂਈ ਹੁਣਾਏ ਅਗੋਂ।
ਵਾਪਸ ਚਲੇ ਜਾਓ ਜਿੰਦ ਰਖਣੀ ਜੇ,
ਥੋਨੂੰ ਆਖਦੇ ਅਸੀ ਅਲਾਏ ਅਗੋਂ।
ਅਜੇ ਵਿਗੜਿਆ ਕੁਝ ਨਹੀਂ ਭਾਗ ਸਿੰਘਾ,
ਨਹੀ ਤਾਂ ਦੇਵਾਂਗੇ ਗੋਲੀ ਚਲਾਏ ਅਗੋਂ।

ਜਵਾਬ ਜਥਾ

ਤੁਸੀ ਆਖਦੇ ਜ਼ਾਲਮੋਂ ਮੁੜੋ ਪਿਛੇ,
ਅਸੀ ਰੱਖਕੇ ਓਟ ਕਰਤਾਰ ਆਏ।
ਅਕੋਤਰ ਸੋ ਅਖੰਡ ਹੈ ਪਾਠ ਕਰਨਾ,
ਅਕਾਲ ਤਖਤ ਏਹ ਪਰਣ ਹਾਂ ਧਾਰ ਆਏ।
ਅਸੀ ਏਥੇ ਸ਼ਹੀਦੀਆਂ ਪੌਣੀਆਂ ਨੇ,

ਮਥਾ ਟੇਕਕੇ ਸ੍ਰੀ ਦਰਬਾਰ ਆਏ
ਭਾਈ ਭੈਣ ਦਾ ਮੋਹ ਤਰੋੜ ਦਿਤਾ,
ਪੁਤਰ ਧੀਆਂ ਨੂੰ ਘਰੀਂ ਵਿਸਾਰ ਆਏ
ਅੰਗ ਸਾਕ ਵਿਸਾਰਕੇ ਮਾਈਆਂ ਨੂੰ,
ਕੂੜ ਸਮਜ ਵਿਛੋੜਕੇ ਯਾਰ ਆਏ
ਲੈਕੇ ਇਕ ਅਕਾਲ ਦੀ ਓਟ ਅਸੀ;
ਗੰਗਸਰ ਦਾ ਕਰਨ ਸੁਧਾਰ ਆਏ
ਬੇੜਾ ਪਾਪੀਓ ਨਸ਼ਟ ਉਠਾਵਣੇ ਨੂੰ,
ਨਾਲ ਕਲਗੀਧਰ ਅਵਤਾਰ ਆਏ
ਜਿਸਦੀ ਚੀਜ ਸੀ ਮਾਲਕਦੇ ਹਥ ਦਿਤੀ,
ਸਿਰ ਤੋਂ ਆਪਣਾ ਕਰਜ ਉਤਾਰ ਆਏ
ਅਸੀ ਇਕ ਅਕਾਲ ਦੀ ਓਟ ਪਕੜੀ,
ਸਾਰੇ ਆਸਰੇ ਹੋਰ ਵਿਸਾਰ ਆਏ
ਮਿਥਿਆ ਸਮਝ ਸੰਸਾਰ ਨੂੰ ਛੋਡ ਦਿਤਾ,
ਕਰਕੇ ਧਰਮ ਦੇ ਲਾਲ ਪਿਆਰ ਆਏ
ਕਰੋ ਤੁਸੀ ਜੇਹੜੀ ਚੰਗੀ ਕਾਰ ਭਾਈ,
ਭਾਗ ਸਿੰਘ ਹਰੀ ਗੁਰਦੁਵਾਰ ਆਏ

### ਜਵਾਬ ਜ਼ਾਲਮ

ਾਪਸ ਚਲੇ ਜਾਓ ਥੋਨੂੰ ਅਖਦੇ ਹਾਂ,
ਜੇ ਹੈ ਜਿੰਦੜੀ ਨਾਲ ਪਿਆਰ ਸਿੰਘੋ।
ਥਾਂ ਵਿਚ ਸਭ ਤੈਨਾ ਪਕੜੀਆਂ ਨੇ,
ਲਿਆ ਰੂਪ ਜਲਾਦਾਂ ਦਾ ਧਾਰ ਸਿੰਘੋ।
ਹਦੇ ਨਾਲ ਤੁਸੀਂ ਮੱਥ ਲਾਈ ਬਠ,
ਪਿਛ ਹਟ ਜੋ ਬੜੀ ਸਰਕਾਰ ਸਿੰਘੋ।
ੜੇ ਲਗਨਗੇ ਲੋਥਾਂ ਥਡੀਆ ਦੇ,
ਚਦੋਂ ਹੋਵਸੀ ਗੋਲੀ ਦੀ ਮਾਰ ਸਿੰਘੋ।
ਲੇ ਮਲੀ ਹਥੋ ਹੈਨਾਂ ਛਟਦੀਆਂ ਨੇ,
ਫੇਰ ਹੋਣ ਨੂੰ ਖੜਾ ਤਿਆਰ ਸਿੰਘੋ।
ਾਲ ਮੰਦੜੇ ਹੋਣਗੇ ਭਲਾ ਸਿੰਘਾ,
ਥਨੂੰ ਆਖਦੇ ਅਸੀਂ ਪੁਕਾਰ ਸਿੰਘੋ।

### ਜਵਾਬ ਸਿੰਘ

ਛੇ ਮੁੜਨ ਕੀ ਆਖ ਪੰਗਿਆਂ ਨੂੰ,
ਅੱਗੇ ਮਦਦਾ ਜੇ ਸ਼ਮਾਦਾਨ ਹੋਵੇ।
ਵੀ ਹੋਇਕੇ ਤੇ ਪਿਛ ਮੁੜਨ ਕੇਹਾ,
ਜੇਕਰ ਅੱਗੇ ਪਿਆਰੜਾ ਭਾਨ ਹੋਵੇ।

ਪਾਸੇ ਝਾਕਣ ਕੀ ਆਖ ਬਬੀਹਿਆਂ ਨੂੰ,
ਬੂੰਦ ਡਿਗਦੀ ਜੇਕਰ ਅਸਮਾਨ ਹੋਵੇ।
ਪਿਛੇ ਮੁੜਨ ਕੀ ਮੋਹਣੀ ਨੂੰ ਸਾਗਰਾਂਚੋਂ,
ਮਹੀਂ ਵਾਲ ਦੇ ਵਿਚ ਧਿਆਨ ਹੋਵੇ।
ਜਿਉਣ ਮਰਨ ਦੀ ਲੋੜ ਕੀ ਆਸ਼ਕਾਂ ਨੂੰ,
ਜੇਹਦਾ ਢੋਹ ਦਰਯਾ ਮਕਾਨ ਹੋਵੇ।
ਗਫਲਤ ਵਿਚ ਕੀ ਮਾਲੀ ਨੂੰ ਆਖ ਸੌਣਾ,
ਚਮਨ ਜਿਸਦਾ ਪਿਆ ਵਰਾਨ ਹੋਵੇ।
ਹੋਵੇ ਸਿਖ ਕੀ ਪਰਤਣਾ ਆਖ ਪਿਛੇ,
ਅਗੋ ਸ੍ਰੀ ਦਸਮੇਸ਼ ਦਾ ਅਸਥਾਨ ਹੋਵੇ।
ਸੂਰਾ ਹੋਇਕੇ ਤੇ ਪਿਛੇ ਮੁੜਨ ਕਿਹਾ,
ਅਗੋ ਸ਼ਾਂਤੀ ਜੰਗ ਮਦਾਨ ਹੋਵੇ।
ਤੁਸੀ ਆਖਦੇ ਜ਼ਾਲਮੋ ਮੁੜੋ ਪਿਛੇ,
ਬਚਾ ਬਚਾ ਵੀ ਏਥੇ ਕੁਰਬਾਨ ਹੋਵੇ।
ਪਾਸੇ ਹਟ ਜਾਵੇਂ ਅਗੋ ਜਾਵਣਾਏ,
ਸਾਡੀ ਗੁਰਾਂ ਦੇ ਅਗੇ ਪਰਣਾਮ ਹੋਵੇ।
ਭਾਗ ਸਿੰਘ ਦੀ ਅਰਜ ਕਰਤਾਰ ਅਗੇ,
ਸੀਸ ਆਪ ਦੇ ਦਰ ਪ੍ਰਵਾਨ ਹੋਵੇ।

ਤਥਾ

ਦਿਤਾ ਹੁਕਮ ਸੀ ਵਿਲਸਨ ਨੇ ਫੌਜੀਆਂ ਨੂੰ,
ਚਿਤ ਵਿਚ ਹੰਕਾਰ ਤੇ ਕੈਹਰ ਹੋਏ।
ਕੈਂਹਦਾ ਫੌਜੀਓ ਗੋਲੀ ਚਲਾ ਦਿਓ,
ਸਾਡੇ ਨਾਲ ਅਕਾਲੀਆਂ ਵੈਰ ਹੋਏ।
ਹੁਕਮ ਸੁਣਕੇ ਪਾਪੀ ਚੰਡਾਲ ਕੋਲੋਂ,
ਫੌਜੀ ਸਿਖ ਨਾ ਮਿੰਟ ਵੀ ਠੈਹਰ ਹੋਏ।
ਇਕ ਮਿੰਟ ਦੇ ਵਿਚ ਸੀ ਭਾਗ ਸਿੰਘਾ,
ਸਿੰਘਾਂ ਧਰਮੀਆਂ ਦੇ ਵੰਨੀਂ ਫੈਰ ਹੋਏ।

ਵਾਕ ਕਵੀ

ਕਾੜ ਕਾੜ ਗੋਲੀ ਜਦੋਂ ਚਲਨ ਲਗੀ,
ਸਿੰਘ ਵਾਹਿਗੁਰੂ ਨਾਮ ਧਿਆਂਵਦੇ ਰਹੇ।
ਧੜਾ ਧੜ ਲੋਥਾਂ ਡਿਗਣ ਲਗ ਪਈਆਂ,
ਜ਼ਾਲਮ ਵਦਕੇ ਜ਼ੁਲਮ ਕਮਾਂਵਦੇ ਰਹੇ।
ਓਦਰ ਗੋਲੀਆਂ ਦੀ ਵਰਖਾ ਪਈ ਹੋਵੇ,
ਧਰਮੀ ਹਸ ਹਸ ਛਾਤੀਆਂ ਡਾਂਹਵਦੇ ਰਹੇ।
ਜਿਉਂ ਜਿਉਂ ਚਲੇ ਗੋਲੀ ਤਿਉਂ ਤਿਉਂ ਸਿੰਘ ਧਰਮੀ,
ਅਗੇ ਅਗੇ ਨੂੰ ਪੈਰ ਵਧਾਂਵਦੇ ਰਹੇ।

ਗੜਿਆਂ ਵਾਂਗ ਸੀ ਗੋਲੀਆਂ ਚਲ ਰਹੀਆਂ,
ਧਰਮੀ ਵੀਰ ਸੀ ਛਾਤੀਏ ਖਾਂਵਦੇ ਰਹੇ।
ਧੂਆ ਧਾਰ ਹੋਈ ਵਰਖਾ ਗੋਲੀਆਂ ਦੀ,
ਅਤੇ ਧਰਮੀ ਜੈਕਾਰੇ ਗਜਾਂਵਦੇ ਰਹੇ।
ਖੱਟੇ ਕੋਟ ਸੋਹਣੇ ਲੋਥਾਂ ਪਈਆਂ ਦਿਸਣ,
ਦੂਰ ਦੂਰ ਤਾਈਂ ਨਜ਼ਰ ਆਂਵਦੇ ਰਹੇ
ਲਾਲੋ ਲਾਲ ਹੋਈ ਖ਼ੂਨ ਨਾਲ ਧਰਤੀ,
ਖੱਟੇ ਕੋਟ ਵੀ ਲਾਲ ਦਿਸ ਆਂਵਦੇ ਰਹੇ।
ਧਰਤੀ ਮੰਗਦੀ ਸੀ ਖ਼ੂਨ ਧਰਮੀਆਂ ਦਾ,
ਸੂਹੇ ਵਡੇ ਕਿਆਰੇ ਭਰ ਲਾਂਵਦੇ ਰਹੇ।
ਲੋਥਾਂ ਰੁਲਦੀਆਂ ਕਣਕਾਂ ਦੇ ਵਿਚ ਪਈਆਂ,
ਜ਼ਾਲਮ ਧੂ ਧੂ ਚੁਕ ਲਜਾਂਵਦੇ ਰਹੇ।
ਜਿਉਂ ਜਿਉਂ ਚਲੇ ਗੋਲੀ ਧਰਮੀ ਵੀਰ ਸਾਡੇ,
ਗੰਗਸਰ ਨੂੰ ਕਦਮ ਉਠਾਂਵਦੇ ਰਹੇ।
ਫਟੜ ਹੋਇਕੇ ਸੀ ਜੇਹੜਾ ਡਿਗ ਪੈਂਦਾ,
ਨਾਲ ਉਸਨੂੰ ਚੁਕ ਲੈ ਆਂਵਦੇ ਰਹੇ।
ਧਰਮੀ ਵੀਰ ਗੁਰਬਾਣੀਆਂ ਗਾਂਵਦੇ ਰਹੇ,
ਜ਼ਾਲਮ ਜ਼ੋਰ ਸੇ ਗੋਲੀ ਚਲਾਂਵਦੇ ਰਹੇ।

ਕੋਈ ਫਟੜ ਹੋਕੇ ਡਿਗ ਪੈਣ ਯਾਰੋ,
ਅਤੇ ਕੋਈ ਸ਼ਹੀਦੀਆਂ ਪਾਂਵਦੇ ਰਹੇ।
ਗੋਲੀ ਜ਼ਾਲਮਾਂ ਦੀ ਕਾੜ ਕਾੜ ਚਲੇ,
ਏਧਰ ਵਾਹਿਗੁਰੂ ਵਾਹਿਗੁਰੂ ਗਾਂਵਦੇ ਰਹੇ।
ਸਿੰਘ ਸੂਰਮੇ ਛਡ ਜੈਕਾਰਿਆਂ ਨੂੰ,
ਅਗੇ ਅਗੇ ਨੂੰ ਪੈਰ ਵਦਾਂਵਦੇ ਰਹੇ।
ਟਿਬੀ ਸਾਹਿਬ ਤੇ ਜਥਾ ਸੀ ਜਾਏ ਪੁਜਾ,
ਜ਼ਾਲਮ ਮੋਰਚਾ ਛਡ ਨਸ ਜਾਂਵਦੇ ਰਹੇ।
ਧਰਮੀ ਸਿੰਘ ਸਾ ਗੁਰੂ ਦੇ ਭਾਗ ਸਿੰਘਾ,
ਟਿਬਾ ਸਾਹਿਬ ਨਸ਼ਾਨ ਝੁਲਾਂਵਦੇ ਰਹੇ।

ਗੋਲੀ ਬੰਦ ਹੋਈ ਤੇ ਜੇਹੜੇ ਸਿੰਘ ਫਟੜ
ਹੋਏ ਸੀ ਉਹਨਾਂ ਨੂੰ ਟਿਬੀ ਸਾਹਿਬ ਰਖਕੇ
ਬਾਕੀ ਦੇ ਜਥਨ ਰੰਗਸਰਨੂੰ ਵਹੀਰਾਂ ਘਤੀਆਂ

ਟਿਬੀ ਸਾਹਿਬ ਤੋਂ ਚਲਕੇ ਖਾਲਸਾ ਜੀ,
ਜਥਾ ਤੁਰ ਪਿਆ ਵਲ ਦਰਬਾਰ ਲੈਕੇ।
ਤਿੰਨ ਮਿੰਟ ਹੀ ਸੀ ਗੋਲਾ ਬੰਦ ਹੋਈ,
ਲਿਆ ਜ਼ਾਲਮਾਂ ਖਿਚ ਹੰਕਾਰ ਲੈਕੇ।
ਫੇਰ ਗੰਨਾਂ ਮਸ਼ੀਨਾਂ ਦੇ ਫੈਰ ਹੋਏ,

ਭਾਣਾ ਵਰਤਿਆ ਸਚੇ ਕਰਤਾਰ ਲੋਕੋ।
ਵਰਖਾ ਗੋਲੀਆਂ ਦੀ ਫੇਰ ਹੋਣ ਲਗੀ,
ਮੱਚੀ ਜੱਗ ਉਤੇ ਹਾਹਾ ਕਾਰ ਲੋਕੋ।
ਬੇ ਤਕਸ਼ੀਰਿਆਂ ਧਰਮੀ ਪ੍ਰਵਾਨਿਆਂ ਨੂੰ,
ਕਿਵੇਂ ਮਾਰਦੀ ਡੈਣ ਸਰਕਾਰ ਲੋਕੋ।
ਧੜਾ ਧੜ ਲੋਥਾਂ ਪਈਆਂ ਡਿਗਦੀਆਂ ਸੀ,
ਜੱਗ ਪਿਆ ਹਨੇਰ ਗੁਬਾਰ ਲੋਕੋ।
ਜਿਉਂ ਜਿਉਂ ਧਰਮੀਆਂ ਤਾਂਈਂ ਝਟਕਾਂਵਦੇਸੀ,
ਚਲਣ ਖੂਨ ਦੇ ਬੜੇ ਫੁਆਰ ਲੋਕੋ।
ਕਣਕਾਂ ਮੰਗਦੀਆਂ ਸੀ ਖੂਨ ਧਰਮੀਆਂ ਦਾ,
ਰੱਜ ਪੀਲਿਆ ਬੇ ਸ਼ੁਮਾਰ ਲੋਕੋ।
ਪੁਤ ਮਾਵਾਂ ਦੇ ਅਗੇ ਨੂੰ ਪੈਰ ਧਰਦੇ,
ਅਗੋਂ ਗੋਲੀਆਂ ਦੀ ਹੁੰਦੀ ਮਾਰ ਲੋਕੋ।
ਹੱਸ ਹੱਸ ਕੇ ਛਾਤੀਆਂ ਡਾਹਵਦੇ ਰਹੇ,
ਕੀਤਾ ਧਰਮੀਆਂ ਨਹੀਂ ਇਨਕਾਰ ਲੋਕੋ।
ਦਰਸ ਕਰਨ ਲਈ ਪ੍ਰਵਾਨਿਆਂ ਦੇ,
ਪਬਲਕ ਨਾਲ ਸੀ ਕੇਈ ਹਜਾਰ ਲੋਕੋ।
ਗਿਣਤੀ ਵਿਚ ਨਾ ਮੂਲ ਮੈਂ ਦਸ ਸਕਾਂ,

ਦੁਨੀਆਂ ਆਈ ਸੀ ਬੇਸ਼ੁਮਾਰ ਲੋਕੋ ।
ਬੁਢੜ ਬਚੇ ਸੀ ਜਿਨ੍ਹਾਂ ਦੇ ਛੋਟੇ ਛੋਟੇ,
ਆਈਆਂ ਬੀਬੀਆਂ ਸਣੇ ਪ੍ਰਵਾਰ ਲੋਕੋ ।
ਛੇ ਮੀਲ ਤੀਕਰ ਦੁਨੀਆਂ ਦਿਸਦੀ ਸੀ,
ਜੇਕਰ ਵੇਖ ਲਈਏ ਨਜ਼ਰ ਮਾਰ ਲੋਕੋ ।
ਪਬਲਕ ਨਾਲ ਆਈ ਜਥਾ ਵੇਖਣੇ ਨੂੰ,
ਹੋਏ ਓਹਨਾਂ ਤੇ ਗੰਨਾਂ ਦੇ ਵਾਰ ਲੋਕੋ ।
ਤਿੰਨ ਤਿੰਨ ਸਾਲ ਦੀ ਉਮਰ ਸੀ ਬਚਿਆਂ ਦੀ,
ਦਿਤੇ ਗੋਲੀਆਂ ਮਾਰ ਉਡਾਰ ਲੋਕੋ ।
ਬਹੁਤੇ ਹੋਰ ਸ਼ਹੀਦੀਆਂ ਪਾਏ ਗਏ,
ਫਟੜ ਹੋ ਗਏ ਕਈ ਹਜ਼ਾਰ ਲੋਕੋ ।
ਲੋਥਾਂ ਰੁਲਦੀਆਂ ਵਾਹਣਾਂ ਦੇ ਵਿਚ ਪਈਆਂ,
ਜਿਧਰ ਵੇਖ ਲਈਏ ਨਜ਼ਰ ਮਾਰ ਲੋਕੋ ।
ਮਏ ਦੂਰ ਥੀਂ ਕਣਕਾਂ ਵਿਚ ਭਾਗ ਸਿੰਘਾ,
ਜਿਨਾ ਧਰਮ ਦੇ ਨਾਲ ਪਿਆਰ ਲੋਕੋ ।

ਕਲਗੀਆਂ ਵਾਲੇ ਦੇ ਦਰਸ਼ਨ

ਕਾੜ ਕਾੜ ਗੋਲੀ ਜਦੋਂ ਚਲਦੀ ਸੀ,
ਵਿਚ ਆਨ ਖਲੋ ਕਲਗੀਧਾਰ ਹੈਸੀ ।

ਸੋਹਣਾ ਹਥ ਤੇ ਬਾਜ ਸੁਹਾਂਵਦਾ ਸੀ,
ਨੀਲੇ ਘੋੜੇ ਤੇ ਹੋਏ ਅਸਵਾਰ ਹੈਸੀ।
ਕੋਲੇ ਬਾਣ ਤੇ ਬਾਂਕੀ ਕਮਾਣ ਸੋਹਣੀ,
ਨਾਲੇ ਗਾਤਰੇ ਵਿਚ ਕਟਾਰ ਹੈਸੀ।
ਓਦਰ ਗੋਲੀਆਂ ਦੀ ਵਰਖਾ ਪਈ ਹੋਵੇ,
ਇਧਰ ਜਥੇ ਨੂੰ ਕਹਿਣ ਕਰਤਾਰ ਹੈਸੀ।
ਸਿੰਘੋ ਧਰਮੀਓਂ ਚਿਤ ਡੁਲਾਵਣਾ ਨਹੀਂ,
ਐਪਰ ਜ਼ਾਲਮਾਂ ਦੀ ਹੋਣੀ ਹਾਰ ਹੈਸੀ।
ਸਿੰਘਾਂ ਤਾਈਂ ਦਲਾਸੇ ਦਵਾਂਵਦਾ ਸੀ,
ਓਦਰ ਗੋਲੀਆ ਦੀ ਹੁੰਦੀ ਮਾਰ ਹੈਸੀ।
ਸੈਂਤੀ ਫੈਰ ਹੋਏ ਕਲਗੀ ਵਾਲੜੇ ਨੂੰ,
ਲਗੇ ਨਹੀਂ ਓਹ ਆਪ ਦਤਾਰ ਹੈਸੀ।
ਆਖਰ ਫਤੇ ਹੋਈ ਸਿੰਘੋ ਖਾਲਸੇ ਦੀ,
ਏਨੀ ਆਖਦਾ ਸੀ ਕਲਗੀ ਧਾਰ ਹੈਸੀ।
ਏਨੀ ਕੈਹਕੇ ਆਪ ਅਲੋਪ ਹੋਏ,
ਘਟਾਂ ਘਟਾਂ ਦੇ ਜੋ ਪਰਵਦਗਾਰ ਹੈਸੀ।
ਪਾਇਆ ਭੇਦ ਨਾ ਕਿਸੇ ਨੇ ਭਾਗ ਸਿੰਘਾ,
ਕਲਗੀ ਧਾਰ ਅਵਤਾਰ ਗਿਰਧਾਰ ਹੈਸੀ।

101

ਵਾਕ ਕਵੀ

ਸਿੰਘਾਂ ਆਪਣੇ ਦਿਲ ਵਿਚਾਰ ਲਿਆ,
ਚਾਰ ਰੋਜ ਏਥੇ ਰੈਹਣਾ ਚੋਲੀਆਂ ਨੇ।
ਸੁਰਤੀ ਗੁਰਾਂ ਦੇ ਚਰਨੀ ਲਗਾਏ ਛਡੀ,
ਹਸ ਹਸ ਖਾਂਦੇ ਪਏ ਗੋਲੀਆਂ ਨੇ।
ਸਚੇ ਪਿਤਾ ਸ਼ਹੀਦੀਆਂ ਬਖਸ਼ ਸਾਨੂੰ,
ਅਗੇ ਗੁਰੂ ਦੇ ਅਡੀਆਂ ਝੋਲੀਆਂ ਨੇ।
ਧੁਨ ਛਾਤੀਓਂ ਚੌੜੇ ਭਾਗ ਸਿੰਘਾਂ,
ਧਰਮੀ ਵੀਰਾਂ ਨੇ ਏਡੀਆਂ ਖੇਲੀਆਂ ਨੇ।

ਐਜਨ

ਗੋਲੀ ਬੰਦ ਹੋਈ ਸਿੰਘਾਂ ਬਚਦਿਆਂ ਨੂੰ,
ਨੂੜ ਰਸਿਆਂ ਨਾਲ ਲੈ ਆਂਵਦੇ ਨੇ।
ਖੂਹਾਂ ਧੋਣਾਂ ਤਾਂਈ ਰਸੇ ਪਾਇਕੇ ਤੇ,
ਏਨ ਗਠੜੀਆਂ ਗਡੇ ਲਦਾਂਵਦੇ ਨੇ।
ਗੱਡੇ ਲਦਕੇ ਧਰਮੀ ਪ੍ਰਵਾਨਿਆਂ ਨੂੰ,
ਜਾਏ ਕਿਲੇ ਦੇ ਵਿਚ ਪੁਚਾਂਵਦੇ ਨੇ।
ਪਾਕੇ ਮਿਟੀ ਦਾ ਤੇਲ ਸੀ ਧਰਮੀਆਂ ਤੇ,
ਸਿੰਘਾਂ ਜਿਉਂਦਿਆਂ ਤਾਂਈ ਜਲਾਂਵਦੇ ਨੇ।

ਖੌਫ ਰੱਬ ਦਾ ਮੂਲ ਨਾ ਪਾਪੀਆਂ ਨੂੰ,
ਧਰਮੀ ਜੀਵਾਂ ਤੇ ਜ਼ੁਲਮ ਕਮਾਂਵਦੇ ਨੇ।
ਦੂਜੇ ਸਿੰਘ ਸੀ ਕਿਲੇ ਵਿਚ ਬੰਦ ਕੀਤੇ,
ਹੌਲੀ ਹੌਲੀ ਜੈਕਾਰੇ ਬੁਲਾਂਵਦੇ ਨੇ।
ਸਾਡੇ ਧਰਮੀਆਂ ਵੀਰਾਂ ਦੇ ਨਾਲ ਜ਼ਲਮ,
ਪਤਾ ਨਹੀਂ ਕੀ ਹਾਲ ਵਰਤਾਂਵਦੇ ਨੇ।
ਪਾਪੀ ਚੰਦਰੇ ਤਰਸ ਨਾ ਮੂਲ ਕਰਦੇ,
ਧਰਮੀ ਵੀਰਾਂ ਤੇ ਕਹਿਰ ਕਮਾਂਵਦੇ ਨੇ।
ਜੀਉਂਦੇ ਸਾੜ ਦਿਤੇ ਧਰਮੀ ਭਾਗ ਸਿੰਘਾ,
ਪਾਪੀ ਖੌਫ ਨਾ ਰੱਬ ਦਾ ਖਾਂਵਦੇ ਨੇ।

ਡਾਕਟਰ ਕਿਚਲੂ ਅਤੇ ਮਿਸਟਰ
ਗਿਡਵਾਨੀ ਨੂੰ ਖਬਰ ਪੁਜਣੀ

ਡਾਕਟਰ ਕਿਚਲੂ ਤੇ ਮਿਸਟਰ ਗਿਡਵਾਨੀ ਤਾਂਈਂ,
ਦਿਤੀ ਕਿਸੇ ਜਾ ਖਬਰ ਪੁਚਾਏ ਯਾਰੋ।
ਸੁਣਦੇ ਸਾਰ ਹੀ ਕੌਮ ਹਮਦਰਦੀਆਂ ਨੇ,
ਲਿਆ ਅਖੀਓਂ ਨੀਰ ਵਹਾਏ ਯਾਰੋ।
ਹਿਰਦੇ ਵਿਚ ਸੀ ਦਰਦ ਦੀ ਲਾਟ ਭੜਕੀ,
ਲਿਆ ਜ਼ਾਲਮਾਂ ਜ਼ੁਲਮ ਕੁਮਾਏ ਯਾਰੋ।

103

ਡਾਕਟਰ ਕਿਚਲੂ ਤੇ ਮਿਸਟਰ ਗਿਡਵਾਨੀ,
ਜੈਗਸਰ ਨੂੰ ਕਦਮ ਉਠਾਏ ਯਾਰੋ।
ਦਵਦੀ ਕੌਮ ਦੇ ਜ਼ਾਲਮਾਂ ਪਕੜ ਲੀਤੇ,
ਦਿਤੇ ਨਾਭੇ ਦੀ ਜੇਹਲ ਪੁਚਾਏ ਯਾਰੋ।
ਭਾਗ ਸਿੰਘ ਹਤਿਆਰਿਆਂ ਤਰਸ ਨਹੀਓਂ,
ਦਿਤਾ ਜਗ ਹਨੇਰ ਮਚਾਏ ਯਾਰੋ।

ਧੋਖਾ

ਇਕ ਹੋਰ ਅਯੋਗ ਹੀ ਚਾਲ ਖੇਡੀ,
ਨਾਲ ਧਰਮੀਆਂ ਧੋਖਾ ਕਮਾਇਆ ਸੀ।
ਖਾਤਾ ਪਟਿਆ ਸੀ ਇਕ ਬਹੁਤ ਡੂੰਗਾ,
ਕਖ ਕਾਨਾ ਵੀ ਉਤੇ ਵਛਾਇਆ ਸੀ।
ਪਤਾ ਲਗਦਾ ਨਹੀਂ ਸੀ ਅਣਜਾਣ ਤਾਈਂ,
ਬੜਾ ਜ਼ਾਲਮਾਂ ਢੰਗ ਬਣਾਇਆ ਸੀ।
ਕਈ ਸਿੰਘ ਸੀ ਓਸਦੇ ਵਿਚ ਡਿਗੇ,
ਉਤੋਂ ਜ਼ਾਲਮਾਂ ਬੰਦ ਕਰਾਇਆ ਸੀ।
ਕਡ ਟੋਏ ਦੇ ਵਿਚੋਂ ਪਰਵਾਨਿਆਂ ਨੂੰ,
ਨੂੜ ਕਿਲੇ ਦੇ ਵਿਚ ਪੁਚਾਇਆ ਸੀ।
ਭਾਗ ਸਿੰਘ ਹਤਿਆਰਿਆ ਤਰਸ ਨਹੀਓਂ,

ਮਾਰ ਸਿੰਘਾਂ ਦਾ ਹਾਲ ਵੰਵਾਇਆ ਸੀ ।

ਓਸ ਟੋਏ ਦਾ ਮਤਲਬ ਏਹੋ ਈ ਸੀ ਕੇ ਬਹੁਤ ਸਾਰੇ ਅਕਾਲੀ ਓਸ ਵਿਚ ਡਿਗ ਪੈਣਗੇ ਅਤੇ ਵਿਚੇ ਹੀ ਨਪੇ ਜਾਣਗੇ ਬਹੁਤਿਆਂ ਦਾ ਨਾਮ ਨਿਸ਼ਾਨਾ ਹੀ ਛਪ ਜਾਵੇਗਾ ਪ੍ਰੰਤੂ ਸਤਿਗੁਰ ਜੀ ਐਹੋ ਜੇਹੇ ਜ਼ੁਲਮ ਨੂੰ ਕਿਥੇ ਛਪਣ ਦੇਣ ਅਤੇ ਇਸ ਜ਼ਾਲਮ ਨੌਕਰ ਸ਼ਾਹੀ ਨੂੰ ਏਹ ਪਤਾ ਨਹੀਂ ਬੀ ਕਦੀ ਪਾਪਵੀ ਗੁਜੇ ਅਤੇ ਛਿਪੇ ਰਹੇ ਹਨ ।

ਇਕ ੫੦ ਮਾਈਆਂ ਦੇ ਜਥੇ ਤੇ ਮਾਰ ਕੁਟਾਈ

ਦਰਸ਼ਨ ਕਰਨ ਦੇ ਵਾਸਤੇ ਖਾਲਸਾ ਜੀ,
ਜਥਾ ਗਿਆ ਹੈਸੀ ਇਕ ਮਾਈਆਂ ਦਾ ।
ਜ਼ਾਲਮ ਬੇ ਗੁਨਾਹੀਆਂ ਮਾਰ ਦੇਨੇ,
ਅਤੇ ਧਾਰਿਆ ਰੂਪ ਕਸਾਈਆਂ ਦਾ ।
ਪਾਪੀ ਛਲੀਆਂ ਦੇ ਵਾਂਗਰ ਕੁਟਦੇ ਨੇ,
ਦੱਸ ਅੰਤ ਕੀ ਡਾਂਗਾਂ ਵਰਸਾਈਆਂ ਦਾ ।
ਬਾਲ ਆਪਣੇ ਛਾਤੀਆਂ ਨਾਲ ਲਾਕੇ,
ਖੜੀਆਂ ਦਰਦ ਵੰਡੌਦੀਆਂ ਭਾਈਆਂ ਦਾ
ਛੁਰੀ ਜੁਲਮ ਦੀ ਫੜ ਜਲਾਦ ਖੜੇ,
ਦਸੋ ਜੋਰ ਕੀ ਕਪਲੂਆਂ ਗਾਂਈਆਂ ਦਾ ।

ਖਾਕੇ ਡਾਂਗਾਂ ਦੀ ਮਾਰ ਬੇਹੋਸ਼ ਹੋਈਆਂ,
ਦਿਲ ਤੜਫਦਾ ਪਿਆ ਤਿਹਾਣੀਆਂ ਦਾ।
ਮਾਰ ਮਾਰ ਕੇ ਰਗੜੀ ਝੜਾਏ ਦਿਤਾ,
ਰਥਾ ਨ ਭੇਤੂ ਹਾਜ਼ਿਆਂ ਮਾਈਆਂ ਦਾ।
ਦਾਖਲ ਜੇਹਲ ਮੇਂ ਕੀਤੀਆਂ ਭਾਰ ਸਿੰਘਾਂ,
ਦੱਸੀ ਕੀ ਤਕਲੀਫਾਂ ਉਠਾਈਆਂ ਦਾ।

ਸ੍ਰੀ ਅੰਮ੍ਰਿਤਸਰ ਜੀ ਤੋਂ ਫਟੜਾਂ ਵਾਸਤੇ
ਲਾਰੀਆਂ ਘਲੀਆਂ ਜਾਲਮਾਂ ਨੇ ਓਹ ਵੀ
ਰੋਕ ਲਈਆਂ ਗਈਆਂ
ਕਵੀ ਵੱਲੋਂ

ਐਨਾ ਸੁਣਿਆ ਮੈਂ ਹਾਲ ਸੀ ਖਾਲਸਾ ਜੀ,
ਜੇਹੜਾ ਦਿਤਾ ਮੈਂ ਹੁਣ ਉਚਾਰ ਭਾਈ।
ਕਾਹਲੀ ਵਿਚ ਮੈਂ ਕਵਤਾ ਬਣਾਈ ਥੋੜੀ,
ਕੀਤੀ ਚਿਤ ਦੇ ਵਿਚ ਵਿਚਾਰ ਭਾਈ।
ਅਠਾਈ ਮਾਰਚ ਨੂੰ ਜਥਾ ਜੋ ਚਲਣਾ ਸੀ,
ਹੋਇਆ ਉਸਦੇ ਵਿਚ ਤਿਆਰ ਭਾਈ।
ਰੰਗਸਰ ਨੂੰ ਹੋਏ ਰਵਾਨ ਚਲੇ,
ਰੁਕਿਆ ਰਖਣਾ ਪਾਠ ਦੁਵਾਰ ਭਾਈ।
ਜਿਥੇ ਅਗੇ ਹੈ ਪੰਜ ਸੌ ਵੀਰ ਸਾਡੇ,

ਦਾਣੇ ਗੋਲੀਆਂ ਦਾ ਸ਼ਿਕਾਰ ਭਾਈ।
ਅਗਲੇ ਵ੍ਯਰਾਂ ਦੇ ਨਾਲ ਜੋ ਵਰਤਿਆ ਸੀ,
ਦਿਤਾ ਦਾਸ ਨੇ ਹਾਲ ਉਚਾਰ ਭਾਈ।
ਕੋਈ ਹੋਰ ਕਵੀਸ਼ਰ ਬਣਾਊ ਪਿਛੋਂ,
ਸਾਡੇ ਨਾਲ ਜੇਹੜਾ ਹੋਊ ਵਾਰ ਭਾਈ।
ਤੁਸੀ ਸੁਖੀ ਵਸੋ ਅਸੀਂ ਵੜੇ ਹਾਜੀ,
ਬਾਜ਼ਾਂ ਵਾਣਜੜੇ ਦਾ ਪਰਵਾਰ ਭਾਈ।
ਭਾਗ ਸਿੰਘ ਕਰ ਨਮੋ ਪ੍ਰਮਾਤਮਾਂ ਨੂੰ,
ਦਿਤੀ ਅੰਤ ਦੀ ਫਤੇ ਗੁਜ਼ਾਰ ਭਾਈ।

॥ ਸੰਪੂਰਣੰ ॥

ਹਰ ਇਕ ਚੀਜ਼ ਮੰਗੌਣ ਦਾ ਪ੍ਰਸਿੱਧ ਪਤਾ:-

ਭਾ: ਆਤਮਾ ਸਿੰਘ ਕਰਤਾਰ ਸਿੰਘ

ਮਾਲਕ ਗੁਰਚਰਨ ਬੁਕ ਏਜੰਸੀ

ਬਾਜ਼ਾਰ ਮਾਈ ਸੇਵਾਂ, ਅਮ੍ਰਿਤਸਰ ਜੀ

107

# ਧਾਰਮਕ ਟ੍ਰੈਕਟ ਤੇ ਨਾਵਲ

'ਬਿਰਹੋਂ' ਦੀ ਸੱਦ ਪੋਲੀਟੀਕਲ ਕਵਿਤਾ ਰਚਤ ਸਰਦਾਰ
ਮਦਸੂਦਨ ਸਿੰਘ ਬਿਰ੍ਹੋਂ ॥)
ਚਾਲਾਕ ਚੋਰ ਵਧੀਆ ਨਾਵਲ ੧)
ਅੰਗਰੇਜ਼ ਡਾਕੂ ਤਿੰਨ ਹਿਸੇ ੨)
ਆਪ ਬੀਤੀ ਕਾਲਾ ਵੇਗੀ ਦੀ ਲੁਟ ॥)
ਚੰਦ੍ਰਕਾਂਤਾ ਪੈਹਲੇ ਚਾਰ ਹਿਸੇ ਫੀ ਹਿਸਾ ॥)
,, ਸੰਤਤ ੨੪ ਹਿਸੇ ਫੀ ਹਿਸਾਂ ॥)
ਕੁਸਮ ਕੁਮਾਰੀ ਮੁਕੰਮਲ ੧॥)
ਭਾਈ ਮਿੰਹਗਾ ਸੁਹਾਗ ਬਾਈ ।)
ਸਚਾ ਮਿਤ੍ਰ ਰੋਚਕ ਨਾਵਲ ॥)
ਨਾਵਲ ਹੜੀਆਂ ਦੀ ਮਾਲਾ ॥)
ਸ੍ਰੀ ਮਤੀ ਸੁੰਦ੍ਰੀ ਜੀ ।≡)
ਰਣਜੀਤ ਕੌਰ ॥।)
ਦਲੇਰ ਕੌਰ ਦੋਵੇਂ ਭਾਗ ੧)
ਇਕ ਪਵਿਤ੍ਰ ਜੀਵਨ ਜਿਲਦ ਸਣੇ ੨)
ਲੜਾਕੀ ਸਸ ।=) ਸੁਕਾ ਸਮੁੰਦਰ ॥।)
ਸਲੋਕ ਕਬੀਰ ਸਟੀਕ ਸੁਸੈਟੀ ਵਾਲੇ ॥=)
ਸਲੋਕ ਫਰੀਦ ਟੀਕਾ ਸੁਸੈਟੀ ।=)
ਪ੍ਰਕਾਸ਼ ਕੌਰ ਮੁਕੰਮਲ ੪ ਭਾਗ ੩)
ਮਾਲ ਗੁਦਾਮ ਦੀ ਚੋਰੀ ≡)
ਚਾਲਾਕ ਜਾਪਾਨੀ ੧॥)

| | |
|---|---|
| ਨਰਿੰਦ੍ਰ ਮੋਹਨੀ ਦੋ ਹਿਸੇ | ੧॥) |
| ਰਾਜ ਰਾਨੀ ਸੁਆਦਲਾ ਨਾਵਲ | ।) |
| ਚੰਚਲ ਮੂਰਤੀ | ॥।) |
| ਪ੍ਰੇਟ ਦਾ ਮੁਰਦਾ | ।=) |
| ਬੀਰ ਦੇ ਤੀਰ ਪੋਲੀਟੀਕਲ ਰਚਤ ਸ੍ਰਦਾਰ ਰਘੁਬੀਰ ਸਿੰਘ ਬੀਏ | ।=) |
| ਭੂਤ ਚਕ੍ਰ–ਪੜ੍ਹਨ ਜੋਗ ਪੁਸਤਕ | ॥) |
| ਜੀਵਨ ਸਰਦਾਰ ਦਲੀਪ ਸਿੰਘ ਜੀ ਸ਼ਹੀਦ ਨਨਕਾਣਾ ਸਾਹਿਬ | ॥) |
| ਸ਼ਹੀਦੀ ਭਾਈ ਤਾਰੂ ਸਿੰਘ ਜੀ | ।–) |
| ਭੂਤ ਨਾਥ ਦੀ ਜੀਵਨੀ ਬੜਾ ਵਧੀਆ ਸੁਆਦਲਾ ਨਾਵਲ ੧੨ ਹਿਸੇ ਫੀ ਹਿਸਾ | ॥।) |
| ਅਕਾਲੀ ਦਰਸ਼ਨ ਸਿਖ ਲੀਡਰਾਂ ਦੇ ਜੀਵਨ ਤਸਵੀਰਾਂ ਸਣੇ | ॥।) |
| ਜੈਕਸੂਰਾਂ ਵਾਰ ਸਟੀਕ ਸੁਸੈਟੀ | ।–) |
| ਸਹਿੰਸ ਕ੍ਰਿਤੀ ਸਲੋਕ ਸਟੀਕ ਸਮੈਟੀ | ।–) |
| ਬ੍ਰਹਮਾ ਦੀ ਸੈਰ ਵਧੀਆ ਨਾਵਲ | ।) |
| ਕਮਾਈ ਦੀ ਬਰਕਤ | ।) |
| ਵਪਾਰ ਦੀ ਬਰਕਤ ।) ਰਾਜਾ ਭੋਜ | ।) |
| ਅਕਾਲੀ ਨਿਤਨੇਮ ਸਟੀਕ ਗਿਆਨੀ ਸਰਦੂਲ ਸਿੰਘ | ੧।) |
| ਜੀਵਨ ਮਹਾਰਾਜਾ ਰਣਜੀਤ ਸਿੰਘ ਜੀ | ੧॥) |
| ਰਣਜੀਤ ਹੁਲਾਰੇ ਪੋਲੀਟੀਕਲ | ।=) |
| ਅਮਰ ਖਾਲਸਾ ਉਮਦਾ ਟ੍ਰੈਕਟ | ≡) |
| ਰੈਹਤ ਨਾਮੇ ਮੁਕੰਮਲ | ।) |

| | |
|---|---|
| ਸੇਵਕ ਬਿਲਾਸ ਰਚਿਤ ਸਾਧੂ ਦਯਾ ਸਿੰਘ | ॥) |
| ਉਪਦੇਸ਼ ਮਾਲਾ | ।=) |
| ਵਿਚਾਰ ਦਰਪਨ | ।=) |
| ਜ਼ੁਲਮੀ ਕਥਾ ਬਾਬਾ ਗੁਰਦਿਤ ਸਿੰਘ ਜੀ | ੧॥) |
| ਖ਼ੂਨ ਦੇ ਸੋਹਲੇ ਸਾਕਾ ਨਨਕਾਣਾ ਸਾਹਿਬ | ।) |
| ਰੂਹਾਨੀ ਜ਼ਿੰਦਗੀ ਵਧੀਆ ਪੁਸਤਕ | ॥।) |
| ਚਣਾਕਾ ਰਾਜਨੀਤ ਟੀਕਾ | ।=) |
| ਕ੍ਰਿਪਾਲ ਕੌਰ ਨਾਵਲ | ॥) |
| ਦੁਹਲਨ ਦਰਪਨ ਇਸਤ੍ਰੀਆਂ ਲਈ | ।=) |
| ਸੁਸ਼ੀਲ ਰਸੋਈ ਪ੍ਰਬੰਧ | ॥=) |

ਇਸ ਤੋਂ ਬਿਨਾ ਹਰ ਮਹੀਨੇ ਕੋਈ ਨਾਂ ਕੋਈ ਵਧੀਆ ਨਾਵਲ ਛਪਦਾ ਰਹਿੰਦਾ ਹੈ ਗਿਆਨੀ ਵਿਦਵਾਨੀ ਜਮਾਤਾਂ ਦੀਆਂ ਸਾਰੀਆਂ ਪੁਸਤਕਾਂ ਹੋਰ ਧਾਰਮਕ ਗ੍ਰੰਥ ਥਲੇ ਲਿਖੇ ਪਤੇ ਤੋਂ ਮੰਗਾਵੋ ॥

ਹਰ ਇਕ ਚੀਜ਼ ਮੰਗੌਨ ਦਾ ਪ੍ਰਸਿਧ ਪਤਾ:—

**ਭਾ: ਆਤਮਾ ਸਿੰਘ ਕਰਤਾਰ ਸਿੰਘ**

**ਮਾਲਕ ਗੁਰਚਰਨ ਬੁਕ ਏਜੰਸੀ**

**ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਜੀ**

# ਕੀ ਆਪ ਨੂੰ ਪਤਾ ਹੈ ?

ਕਿ ਅਸਾਂ ਸ੍ਰੀ ਅੰਮ੍ਰਿਤਸਰ ਜੀ ਗੁਰੂ ਕੀ ਨਗਰੀ ਵਿਖੇ ਬੜੇ ਚਿਰ ਤੋਂ ਇਕ ਦੁਕਾਨ ਖੋਲੀ ਹੋਈ ਹੈ, ਜਿਸਦਾ ਮੁਖ ਮਨਤਵ ਇਹ ਹੈ ਕਿ ਕੌਮ ਵਿਚ ਕੌਮੀ ਦਰਦ ਤੇ ਪਿਆਰ ਪੈਦਾ ਕੀਤਾ ਜਾਵੇ ਅਤੇ ਇਹ ਤਦ ਹੀ ਹੋ ਸਕਦਾ ਹੈ ਜਦ ਕਿ ਨਵੇਂ ਨਵੇਂ ਪੁਸਤਕ ਮੌਜੂਦਾ ਲੋੜਾਂ ਤੇ ਪ੍ਰਕਾਸ਼ਤ ਕੀਤੇ ਜਾਣ ਸੋ ਅਸਾਂ ਇਸ ਗਲ ਨੂੰ ਅਨਭਵ ਕਰਦਿਆਂ ਹੋਇਆਂ ਇਸ ਕੰਮ ਨੂੰ ਆਪਣੇ ਜ਼ੁੰਮੇ ਲਿਆ ਹੈ ਸੋ ਸਜਨ ਜੀ ਆਪਦਾ ਵੀ ਇਹ ਫਰਜ਼ ਹੈ ਕਿ ਸਾਡੀ ਲੜੀ ਦੀਆਂ ਨਿਕਲੀਆਂ ਪੁਸਤਕਾਂ ਜ਼ਰੂਰ ਮੰਗਵਾਕੇ ਪੜ੍ਹੋ ਤੇ ਸਦਾ ਲਈ ਪਕੇ ਗ੍ਰਾਹਕ ਬਣ ਜਾਵੋ ਤੇ ਫਹਿਰਿਸਤ ਮੁਫਤ ਮੰਗਾਵੋ।

## ਸਾਨੂੰ ਕਦੀ ਨਾਂ ਭੁਲਣਾ

ਕਿਉਂਕਿ ਅਸੀ ਆਪਨੂੰ ਘਰ ਬੈਠੇ ਬਠਾਇ ਕੰਘੇ, ਕੜੇ, ਕ੍ਰਿਪਾਨਾਂ, ਪੁਸਤਕਾਂ, ਘੜੀਆਂ, ਜਬੀ, ਲੈਂਪਾਂ, ਵੜੀਆਂ, ਪਾਪੜ, ਤੇਲ, ਅਤਰ, ਸੁਰਮਾਂ, ਚੈਨ, ਫੌਂਦਰ ਗੁਟਕੇ ਤੇ ਹੋਰ ਹਰ ਪ੍ਰਕਾਰ ਦੀਆਂ ਚੀਜ਼ਾਂ ਸਸਤੀਆਂ ਤੇ ਸਾਫ ਭੇਜੀਆਂ ਜਾਂਦੀਆਂ ਹਨ। ਮਿਲਣ ਦਾ ਪਤਾ:-

## ਭਾ: ਆਤਮਾ ਸਿੰਘ ਕਰਤਾਰ ਸਿੰਘ

## ਮਾਲਕ ਗੁਰਚਰਨ ਬੁਕ ਏਜੰਸੀ

**ਬਾਜ਼ਾਰ ਮਾਈ ਸੇਵਾਂ, ਅਮ੍ਰਿਤਸਰ ਜੀ**

# ਅਕਾਲੀ ਲੈਹਰ ਦੇ ਹਾਮੀ

ਤੇ

## ਕੌਮੀ ਦਰਦ ਰਖਣ ਵਾਲਿਆਂ ਦੇ

## ਪੜ੍ਹਨ ਯੋਗ ਪੁਸਤਕ

ਬਾਗੀ ਸਿੱਖ ਕਿ ਸਰਕਾਰ ।=) ਦਰਦ ਹੁਲਾਰੇ ।) ਜ਼ੁਲਮ ਦਾ ਨਸ਼ਟ ਕਿਕੁਣ ਹੋਇਆ ? ੧) ਭੰਗੜ ਦਾ ਖੁਲਾ ਚਿੱਠਾ ।) ਜ਼ਖਮੀ ਦਿਲ ।=) ਰਣਜੀਤ ਹੁਲਾਰੇ ।=) ਦਰਦਾਂ ਦੇ ਹੰਝੂ ।=) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬੁਤ ਪ੍ਰਸਤੀ ਹੈ ? ੧।।) ਜ਼ਿੰਦਾ ਸ਼ਹੀਦ ਦੀ ਗਰਜ –) ਸ਼ੁਭਾਗ ਜੋੜੀ ਨਾਵਲ ੧।।) ਸਤਜੁਗੀ ਪੁਤ੍ਰ ਨਾਵਲ ੧) ਹੈ।

ਇਸਤੋਂ ਬਿਨਾਂ ਹਰ ਪਰਕਾਰ ਦੇ ਗੁਰੂ ਘਰ ਦੇ ਗ੍ਰੰਥ ਪੁਸਤਕ ਆਦਿ ਮੰਗੌਣ ਦਾ ਪੂਰਾ ਤੇ ਪ੍ਰਸਿਧ ਪਤਾ:-

## ਭਾ: ਆਤਮਾ ਸਿੰਘ ਕਰਤਾਰ ਸਿੰਘ

## ਮਾਲਕ ਗੁਰਚਰਨ ਬੁਕ ਏਜੰਸੀ

### ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ ਜੀ

# ਸੁੰਦਰ ਗੁਟਕੇ

ਸੁੰਦਰ ਗੁਟਕਾ ੩੦ ਬਾਣੀਆਂ ਵਾਲਾ ਕਾਗਜ਼ ਮੋਟਾ ।।। ≡)

" " ੩੦ ਬਾਣੀਆਂ ਵਾਲਾ ਕਾਗਜ਼ ਵਧੀਆ ੧।)

" " ੩੦ ਬਾਣੀਆਂ ਵਾਲਾ ਕਾਗਜ਼ ਹਨਾਈ ॥)

ਕੀਰਤਨੀ ਗੁਟਕਾ ਆਸਾ ਦੀ ਵਾਰ ਛਕੇ ਛੰਦ ਤੇ ਸ਼ਬਦਾਂ ਤੇ ਵਿਵਾਹ ਵਿਧੀ ਸਮੇਤ ।)

ਗੁਟਕਾ ਸੁਖਮਨੀ ਬਾਹਿਰ ਮੋਟੇ ਅਖਰਾਂ ਵਾਲਾ ।)

**ਸਬਰ ਦੇ ਬਾਣ** ਇਸ ਪੁਸਤਕ ਦੇ ਕਰਤਾ ਸ੍ਰੀ ਮਾਨ ਗਿਆਨੀ ਗੁਰਮੁਖ ਸਿੰਘ ਜੀ 'ਮੁਸਾਫਰ' ਹਨ ਅਤੇ ਉਨ੍ਹਾਂ ਦੀਆਂ ਅਨਾਮੀ ਕਵਤਾ ਸੰਗ੍ਰਹਿ ਕਰਕੇ ਛਪਵਾਈਆਂ ਗਈਆਂ ਹਨ । ਮੋਖ । =)

**ਰਣਜੀਤ ਹੁਲਾਰੇ** ਇਸ ਪੁਸਤਕ ਦੇ ਕਰਤਾ ਸ੍ਰੀ ਮਾਨ ਰਣਜੀਤ ਸਿੰਘ ਜੀ 'ਤਾਜਵਰ' ਹਨ, ਪੋਲੀਟੀਕਲ ਕਵਤਾ ਸੰਗ੍ਰਹਿ ਕਰਕੇ ਛਾਪੀਆਂ ਗਈਆਂ ਹਨ । ਮੋਖ । =)

**ਬ੍ਰਿਹੋਂ ਦੇ ਸਦ** ਇਹ ਪੁਸਤਕ ਹੁਣੇ ਹੀ ਛਪਕੇ ਤਿਆਰ ਹੋਈ ਜਿਸਦੇ ਕਰਤਾ ਸ੍ਰ: ਮਦਸੂਦਨ ਸਿੰਘ ਜੀ ਬ੍ਰਿਹੋਂ ਹਨ । ਮੋਖ ॥)

**ਅੰਤਮ ਸਿੱਖ ਬਾਦਸ਼ਾਹ** ਅਰਥਾਤ ਮਹਾਰਾਜਾ ਦਲੀਪ ਸਿੰਘ ਤੇ ਦਰਦ ਭਰੇ ਹਾਲ ਅੰਗ੍ਰੇਜ਼ਾਂ ਦੀਆਂ ਚਾਲਾਕੀਆਂ ਤੇ ਹੋਰ ਕਈ ਗੁਝੇ ਭੇਦ ਦਸੇ ਹਨ। ਮੋਖ ਕੇਵਲ ੧॥)

**ਗੁਰਚਰਨ ਬੁਕ ਏਜੰਸੀ**

ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ


113

ਹਰ ਇਕ ਚੀਜ ਮੰਗੌਨ ਦਾ ਪਤਾ

# ਗੁਰਚਰਨ ਬੁਕ ਏਜੰਸੀ

ਬਜ਼ਾਰ ਮਾਈ ਸੇਵਾਂ ਅਮ੍ਰਿਤਸਰ ਜੀ